Punjab Government Gazette

EXTRAORDINARY

Published by Authority

CHANDIGARH, WEDNESDAY, JULY 29, 2026
(SRAVANA 7, 1948 SAKA)

ਵਿਧਾਨਕ ਅਨੁਪੂਰਕ

	ਮਜ਼ਮੂਨ	ਪੰਨੇ
ਭਾਗ I	**ਐਕਟ**	
	1. ਪੰਜਾਬ ਸਾਬਕਾ ਫੌਜੀ-ਨਿਗਮ ਐਕਟ, 1978 (1978 ਦਾ ਪੰਜਾਬ ਐਕਟ ਨੰ. 33)	...809-826
	2. ਪੰਜਾਬ ਪਸ਼ੂ ਰਜਿਸਟਰੀਕਰਨ ਐਕਟ, 2006 (2006 ਦਾ ਪੰਜਾਬ ਐਕਟ ਨੰ. 33)	...827-836
ਭਾਗ II	**ਆਰਡੀਨੈਂਸ**	
	ਕੋਈ ਨਹੀਂ	
ਭਾਗ III	**ਅਧੀਨ ਵਿਧਾਨਕਾਰੀ**	
	ਕੋਈ ਨਹੀਂ	
ਭਾਗ IV	**ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**	
	ਕੋਈ ਨਹੀਂ	

ਭਾਗ–1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 29 ਜੁਲਾਈ, 2026

ਨੰ.56/ਭ:ਕ/2026.– ਪੰਜਾਬ ਸਾਬਕਾ–ਫੌਜੀ ਨਿਗਮ ਐਕਟ, 1978 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 29th July, 2026

No.56/L.C./2026.- The Translation in Punjabi of the Punjab Ex-Servicemen Corporation Act, 1978 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਸਾਬਕਾ-ਫੌਜੀ ਨਿਗਮ ਐਕਟ, 1978

(1978 ਦਾ ਪੰਜਾਬ ਐਕਟ ਨੰ. 33)

ਪੰਜਾਬ ਸਾਬਕਾ ਫੌਜੀ ਨਿਗਮ ਦੀ ਸਥਾਪਨਾ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉੱਣਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਆਰੰਭ ।

1. (1) ਇਸ ਐਕਟ ਨੂੰ ਪੰਜਾਬ ਸਾਬਕਾ-ਫੌਜੀ ਨਿਗਮ ਐਕਟ, 1978 ਕਿਹਾ ਜਾ ਸਕੇਗਾ।

(2) ਇਹ ਅਗਸਤ, 1978 ਦੇ ਦਸਵੇਂ ਦਿਨ ਨੂੰ ਨਾਫ਼ਜ ਹੋਇਆ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ ।

2. ਇਸ ਐਕਟ ਵਿੱਚ, ਜੇਕਰ ਵਿਸ਼ੇ ਜਾਂ ਪ੍ਰਸੰਗ ਵਿੱਚ ਕੋਈ ਗੱਲ ਵਿਰੁੱਧ ਨਾ ਹੋਵੇ,-

(ੳ) "ਜ਼ਰਾਇਤੀ ਵਿਕਾਸ" ਵਿੱਚ ਡੇਰੀ, ਮੁਰਗੀ ਪਾਲਣ, ਸੂਰ ਪਾਲਣ, ਭੇਡ ਅਤੇ ਡੰਗਰ ਨਸਲਕਸ਼ੀ, ਮੱਛੀ ਪਾਲਣ ਅਤੇ ਰੇਸ਼ਮ ਉਤਪਾਦਨ ਸ਼ਾਮਲ ਹੈ;

(ਅ) "ਬੋਰਡ" ਦਾ ਮਤਲਬ ਹੈ ਨਿਗਮ ਦੇ ਡਾਇਰੈਕਟਰਾਂ ਦਾ ਬੋਰਡ;

(ਏ) "ਚੇਅਰਮੈਨ" ਦਾ ਮਤਲਬ ਹੈ ਨਿਗਮ ਦਾ ਚੇਅਰਮੈਨ;

(ਸ) "ਨਿਗਮ" ਦਾ ਮਤਲਬ ਹੈ ਪੰਜਾਬ ਸਾਬਕਾ ਫੌਜੀ ਨਿਗਮ;

(ਹ) "ਸਾਬਕਾ-ਫੌਜੀ" ਦਾ ਮਤਲਬ ਹੈ ਉਹ ਵਿਅਕਤੀ ਜੋ ਸਾਧਾਰਨ ਤੌਰ ਤੇ ਪੰਜਾਬ ਰਾਜ ਵਿੱਚ ਰਹਿ ਰਿਹਾ ਹੈ ਅਤੇ ਜਿਸਨੇ ਭਾਰਤੀ ਸ਼ਸਤਰਧਾਰੀ ਸੈਨਾਵਾਂ ਵਿੱਚ ਕਿਸੇ ਰੈਂਕ ਤੇ, ਚਾਹੇ ਲੜਾਕੂ ਵਜੋਂ ਜਾਂ ਗੈਰ-ਲੜਾਕੂ ਵਜੋਂ ਜਾਂ ਸਾਬਕਾ ਦੇਸੀ ਰਾਜਾਂ ਦੀਆਂ ਸ਼ਸਤਰਧਾਰੀ ਸੈਨਾਵਾਂ ਵਿੱਚ (ਪਰ ਇਸ ਵਿੱਚ ਅਸਾਮ ਰਾਈਫਲਜ਼, ਪ੍ਰਤਿਰਖਿਆ ਸੁਰੱਖਿਆ ਕੋਰਪਸ, ਆਮ ਰਾਖਵੀਂ ਇੰਜੀਨੀਅਰਿੰਗ ਫੋਰਸ, ਲੋਕ ਸਹਾਇਕ ਸੈਨਾ, ਜੰਮੂ ਅਤੇ ਕਸ਼ਮੀਰ ਮਿਲੀਸ਼ੀਆ ਅਤੇ ਪ੍ਰਦੇਸ਼ਕ ਸੈਨਾ ਸ਼ਾਮਲ ਨਹੀਂ ਹਨ) ਤਸਦੀਕ ਤੋਂ ਪਿੱਛੇ ਘੱਟ ਤੋਂ ਘੱਟ ਛੇ ਮਹੀਨਿਆਂ ਦੀ ਨਿਰੰਤਰ ਮੁੱਦਤ ਲਈ ਸੇਵਾ ਕੀਤੀ ਹੋਵੇ ਅਤੇ ਜਿਸਨੂੰ ਦੁਰਾਚਾਰ ਜਾਂ ਅਨਿਪੁੰਨਤਾ ਦੇ ਆਧਾਰ ਤੇ ਬਰਖ਼ਾਸਤਗੀ ਜਾਂ ਡਿਸਚਾਰਜ ਦੇ ਤਰੀਕੇ ਤੋਂ ਇਲਾਵਾ ਹੋਰ ਤਰ੍ਹਾਂ ਮੁਕਤ ਕੀਤਾ ਗਿਆ ਹੋਵੇ, ਅਤੇ ਮ੍ਰਿਤਕ ਜਾਂ ਅਸਮੱਰਥ ਸਾਬਕਾ ਫੌਜੀ ਦੇ ਮਾਮਲੇ ਵਿੱਚ, ਉਸਦੀ ਪਤਨੀ, ਬੱਚੇ, ਪਿਤਾ, ਮਾਤਾ, ਨਾਬਾਲਗ ਭਰਾ, ਵਿਧਵਾ ਧੀ ਅਤੇ ਵਿਧਵਾ ਭੈਣ ਸ਼ਾਮਲ ਹਨ, ਜੋ ਉਸਦੀ ਮੌਤ ਜਾਂ ਅਸਮਰੱਥਤਾ ਹੋਣ ਤੋਂ ਤੁਰੰਤ ਪਹਿਲਾਂ ਪੂਰਨ ਤੌਰ ਤੇ ਸਾਬਕਾ ਫੌਜੀ ਤੇ ਨਿਰਭਰ ਹਨ;

(ਕ) "ਸਾਬਕਾ-ਫੌਜੀ ਸੰਗਠਨ" ਦਾ ਮਤਲਬ ਹੈ ਭਾਈਵਾਲੀ ਐਕਟ, 1932 ਦੇ ਅਧੀਨ ਰਜਿਸਟਰਸ਼ੁਦਾ ਇੱਕ ਫਰਮ, ਸੁਸਾਇਟੀਆਂ ਰਜਿਸਟਰੀਕਰਨ ਐਕਟ, 1860 ਦੇ ਅਧੀਨ ਰਜਿਸਟਰਸ਼ੁਦਾ ਕੋਈ ਸਭਾ, ਜਾਂ ਪੰਜਾਬ ਸਹਿਕਾਰੀ ਸਭਾਵਾਂ ਐਕਟ, 1961 ਦੇ ਅਧੀਨ ਰਜਿਸਟਰਸ਼ੁਦਾ ਸਹਿਕਾਰੀ ਸੁਸਾਇਟੀ, ਜਿਸਦੇ ਸਾਰੇ ਭਾਈਵਾਲ ਜਾਂ ਮੈਂਬਰ, ਜਿਹੀ ਕਿ ਸੂਰਤ ਹੋਵੇ, ਸਾਬਕਾ ਫੌਜੀ ਹਨ;

(ਖ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਗ) "ਪ੍ਰਬੰਧ ਡਾਇਰੈਕਟਰ" ਦਾ ਮਤਲਬ ਹੈ ਨਿਗਮ ਦਾ ਪ੍ਰਬੰਧ ਡਾਇਰੈਕਟਰ;

(ਘ) "ਮੰਡੀਕਰਨ" ਦਾ ਮਤਲਬ ਹੈ ਜ਼ਰਾਇਤੀ ਜਾਂ ਉਦਯੋਗਿਕ ਉਪਜ ਦੀ ਟਰਾਂਸਪੋਰਟ, ਦਰਜਾ-ਬੰਦੀ, ਪੂਲ ਕਰਨਾ, ਮੰਡੀਕਰਨ ਅਤੇ ਵਿਕਰੀ ਨਾਲ ਸਬੰਧਤ ਸਾਰੀਆਂ ਸਰਗਰਮੀਆਂ, ਭਾਵੇਂ ਉਹ ਮੁੱਢਲੇ ਰੂਪ ਵਿੱਚ ਜਾਂ ਅਰਧ-ਪ੍ਰੋਸੈਸ ਕੀਤੇ ਜਾਂ ਪ੍ਰੋਸੈਸਡ ਰੂਪ ਵਿੱਚ ਹੋਣ;

(ਛ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਚ) "ਪ੍ਰੋਸੈਸ-ਕਰਨਾ" ਦਾ ਮਤਲਬ ਹੈ ਜ਼ਰਾਇਤੀ ਉਪਜ ਦੇ ਪ੍ਰੋਸੈਸ ਕਰਨ ਸਬੰਧੀ ਸਾਰੀਆਂ ਸਰਗਰਮੀਆਂ, ਤਾਂ ਜੋ ਉਸਨੂੰ ਮੰਡੀਕਰਨ ਯੋਗ ਜਾਂ ਖਪਤ ਦੇ ਯੋਗ ਬਣਾਇਆ ਜਾ ਸਕੇ ਅਤੇ ਇਸ ਵਿੱਚ ਕੱਚੇ ਮਾਲ ਦੀ ਖਰੀਦ ਅਤੇ ਸਟੋਰ ਕਰਨ, ਸਾਜੋ-ਸਮਾਨ ਦੀ ਖਰੀਦ ਅਤੇ ਤਿਆਰ ਕੀਤੀ ਉਪਜ ਦੇ ਪ੍ਰੋਸੈਸ ਅਤੇ ਸਟੋਰ ਕਰਨ ਲਈ ਲੋੜੀਂਦੀ ਮਸ਼ੀਨਰੀ ਦੀ ਖਰੀਦ, ਸੰਸਥਾਪਨਾ ਅਤੇ ਚਲਾਉਣਾ ਸ਼ਾਮਲ ਹੈ;

(ਛ) "ਛੋਟੇ ਪੈਮਾਨੇ ਦਾ ਉਦਯੋਗ" ਦਾ ਮਤਲਬ ਹੈ ਇੱਕ ਘਰੇਲੂ ਅਤੇ ਛੋਟੇ ਪੈਮਾਨੇ ਦਾ ਉਦਯੋਗ ਅਤੇ ਇਸ ਵਿੱਚ ਜ਼ਰਾਇਤੀ ਮਸ਼ੀਨਰੀ ਅਤੇ ਸਾਜੋ-ਸਮਾਨ ਦੇ ਬਣਾਉਣ, ਮੁਰੰਮਤ ਅਤੇ ਰੱਖ-ਰਖਾਅ ਵਿੱਚ ਲੱਗਿਆ ਉਦਯੋਗ ਸ਼ਾਮਲ ਹੈ, ਜਿਸ ਵਿੱਚ ਲੱਗਿਆ ਪੂੰਜੀ ਨਿਵੇਸ਼ ਪੰਜ ਲੱਖ ਰੁਪਏ ਤੋਂ ਵੱਧ ਨਾ ਹੋਵੇ;

(ਜ) "ਸਪਲਾਈ ਅਤੇ ਸਟੋਰ ਕਰਨ" ਦਾ ਮਤਲਬ ਹੈ ਜ਼ਰਾਇਤੀ ਆਦਾਨ ਦੀ ਸਪਲਾਈ ਅਤੇ ਸਟੋਰ ਕਰਨ, ਸਟੋਰ ਕਰਨ ਅਤੇ ਕੋਲਡ ਸਟੋਰਾਂ ਅਤੇ ਮਾਲ ਗੁਦਾਮਾਂ ਦੀ ਸਥਾਪਨਾ, ਰੱਖ-ਰਖਾਅ ਅਤੇ ਚਲਾਉਣਾ; ਅਤੇ

(ਝ) "ਵਾਈਸ-ਚੇਅਰਮੈਨ" ਦਾ ਮਤਲਬ ਹੈ ਨਿਗਮ ਦਾ ਵਾਈਸ-ਚੇਅਰਮੈਨ।

ਅਧਿਆਇ II

ਪੰਜਾਬ ਸਾਬਕਾ ਫੈਜੀ ਨਿਗਮ ਦਾ ਨਿਗਮਨ ਅਤੇ ਇਸਦੀ ਪੂੰਜੀ

ਪੰਜਾਬ ਸਾਬਕਾ ਫੈਜੀ ਨਿਗਮ ਦੀ ਸਥਾਪਨਾ ।

3. (1) ਅਜਿਹੀ ਤਰੀਕ ਤੋਂ ਜਿਵੇਂ ਸਰਕਾਰ ਅਧਿਸੂਚਨਾ ਦੁਆਰਾ ਨਿਯਤ ਕਰੇ, ਇਸ ਐਕਟ ਦੇ ਪ੍ਰਯੋਜਨ ਲਈ ਪੰਜਾਬ ਸਾਬਕਾ ਫੈਜੀ ਨਿਗਮ ਦੇ ਨਾਂ ਨਾਲ ਜਾਣੀ ਜਾਣ ਵਾਲੀ ਨਿਗਮ ਸਥਾਪਤ ਕੀਤੀ ਜਾਵੇਗੀ।

(2) ਨਿਗਮ ਉਪਰੋਕਤ ਨਾਮ ਵਾਲੀ ਇੱਕ ਨਿਗਮਤ ਬੌਡੀ ਹੋਵੇਗੀ ਇਸਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇੱਕ ਸਾਂਝੀ ਮੁਹਰ ਹੋਵੇਗੀ, ਉਸ ਕੋਲ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਸੰਪੱਤੀ ਅਰਜਤ ਕਰਨ, ਧਾਰਨ ਕਰਨ ਅਤੇ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀਆਂ ਸ਼ਕਤੀਆਂ ਹੋਣਗੀਆਂ, ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

ਨਿਗਮ ਦਾ ਮੁੱਖ ਦਫ਼ਤਰ ਅਤੇ ਹੋਰ ਦਫ਼ਤਰ ।

4. (1) ਨਿਗਮ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਜਾਂ ਅਜਿਹੇ ਹੋਰ ਸਥਾਨ ਤੇ ਹੋਵੇਗਾ ਜਿਵੇਂ ਸਰਕਾਰ, ਅਧਿਸੂਚਨਾ ਦੁਆਰਾ, ਉਲਿਖਤ ਕਰੇ।

(2) ਨਿਗਮ ਅਜਿਹੇ ਸਥਾਨਾਂ ਤੇ ਦਫ਼ਤਰ ਜਾਂ ਏਜੰਸੀਆਂ ਸਥਾਪਤ ਕਰ ਸਕੇਗੀ ਜਿਵੇਂ ਉਹ ਉਚਿਤ ਸਮਝੇ।

ਨਿਗਮ ਦੀ ਪੂੰਜੀ ।

5. ਨਿਗਮ ਦੀ ਅਧਿਕਾਰਤ ਪੂੰਜੀ ਪੰਜ ਕਰੋੜ ਰੁਪਏ ਤੋਂ ਵੱਧ ਨਾ ਹੋਣ ਵਾਲੀ ਅਜਿਹੀ ਰਕਮ ਹੋਵੇਗੀ ਜਿਵੇਂ ਸਰਕਾਰ ਸ਼ੁਰੂ ਵਿੱਚ ਨਿਯਤ ਕਰੇ:

ਪ੍ਰੰਤੂ ਜਿੱਥੇ ਸ਼ੁਰੂ ਵਿੱਚ ਨਿਯਤ ਕੀਤੀ ਪੂੰਜੀ ਪੰਜ ਕਰੋੜ ਰੁਪਏ ਤੋਂ ਘੱਟ ਹੈ, ਸਰਕਾਰ, ਸਮੇਂ ਸਮੇਂ ਤੇ, ਪੂੰਜੀ ਨੂੰ ਪੰਜ ਕਰੋੜ ਰੁਪਏ ਤੋਂ ਵੱਧ ਨਾ ਹੋਣ ਵਾਲੀ ਅਜਿਹੀ ਰਕਮ ਤੱਕ ਵਧਾ ਸਕੇਗੀ ਜਿਵੇਂ ਉਹ ਉਚਿਤ ਸਮਝੇ।

ਅਧਿਆਇ III।

ਨਿਗਮ ਦਾ ਪ੍ਰਬੰਧ

ਪ੍ਰਬੰਧ ।

6. ਨਿਗਮ ਦੇ ਕਾਰ-ਵਿਹਾਰਾਂ ਅਤੇ ਕਾਰੋਬਾਰ ਦਾ ਆਮ ਅਧੀਖਣ, ਨਿਰਦੇਸ਼ ਅਤੇ ਪ੍ਰਬੰਧ ਡਾਇਰੈਕਟਰਾਂ ਦੇ ਬੋਰਡ ਵਿੱਚ ਨਿਹਿਤ ਹੋਵੇਗਾ ਜੋ ਅਜਿਹੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਰਜ ਜਾਂ ਗੱਲਾਂ ਕਰ ਸਕੇਗਾ ਜੋ ਨਿਗਮ ਦੁਆਰਾ ਵਰਤੇ ਜਾਂ ਕੀਤੇ ਜਾ ਸਕਦੇ ਹਨ।

ਬੋਰਡ ਦਾ ਗਠਨ ।

7. (1) ਡਾਇਰੈਕਟਰਾਂ ਦਾ ਬੋਰਡ ਚੇਅਰਮੈਨ, ਵਾਈਸ-ਚੇਅਰਮੈਨ, ਪ੍ਰਬੰਧ ਡਾਇਰੈਕਟਰ ਅਤੇ ਹੇਠ-ਲਿਖੇ ਹੋਰ ਡਾਇਰੈਕਟਰਾਂ ਤੋਂ ਮਿਲਕੇ ਬਣੇਗਾ, ਅਰਥਾਤ:-

(ੳ) ਸਕੱਤਰ, ਸਰਕਾਰ, ਰੱਖਿਆ ਸੇਵਾ ਭਲਾਈ ਵਿਭਾਗ ਜਾਂ ਉਸਦਾ ਨਾਮਜ਼ਦ ਵਿਅਕਤੀ, ਅਹੁਦੇ-ਕਾਰਨ;

(ਅ) ਸਕੱਤਰ, ਸਰਕਾਰ, ਵਿੱਤ ਵਿਭਾਗ ਜਾਂ ਉਸਦਾ ਨਾਮਜ਼ਦ ਵਿਅਕਤੀ, ਅਹੁਦੇ-ਕਾਰਨ;

(ੲ) ਸਕੱਤਰ, ਵਿਕਾਸ ਵਿਭਾਗ ਜਾਂ ਉਸਦਾ ਨਾਮਜ਼ਦ ਵਿਅਕਤੀ, ਅਹੁਦੇ-ਕਾਰਨ;

(ਸ) ਡਾਇਰੈਕਟਰ, ਉਦਯੋਗ ਪੰਜਾਬ ਜਾਂ ਉਸਦਾ ਨਾਮਜ਼ਦ ਵਿਅਕਤੀ, ਅਹੁਦੇ-ਕਾਰਨ;

(ਸਸ) ਸਕੱਤਰ, ਪੰਜਾਬ ਰਾਜ ਸੈਨਿਕ ਬੋਰਡ, ਅਹੁਦੇ-ਕਾਰਨ;

(ਹ) ਸਰਕਾਰ ਵੱਲੋਂ ਸਾਬਕਾ ਫੌਜੀਆਂ ਵਿੱਚੋਂ ਨਾਮਜ਼ਦ ਕੀਤੇ ਜਾਣ ਵਾਲੇ ਚਾਰ ਹੋਰ ਡਾਇਰੈਕਟਰ।

(2) ਚੇਅਰਮੈਨ, ਵਾਈਸ-ਚੇਅਰਮੈਨ ਉਹ ਵਿਅਕਤੀ ਹੋਣਗੇ, ਜੋ ਸਾਬਕਾ ਫੌਜੀ ਹਨ ਅਤੇ ਸੇਵਾ ਕਰਦੇ ਸਮੇਂ ਦਰਜਾ । ਦੀ ਆਸਾਮੀ ਧਾਰਨ ਕਰਦੇ ਸਨ ਅਤੇ ਪ੍ਰਬੰਧ ਡਾਇਰੈਕਟਰ ਉਹ ਵਿਅਕਤੀ ਹੋਵੇਗਾ ਜੋ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਦਾ ਦਰਜਾ । ਅਧਿਕਾਰੀ ਹੈ ਜਾਂ ਰਿਹਾ ਹੈ ਅਤੇ ਉਹਨਾਂ ਨੂੰ ਸਰਕਾਰ ਦੁਆਰਾ ਤਨਖਾਹ ਅਤੇ ਭੱਤਿਆਂ ਸਮੇਤ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਉਪ-ਧਾਰਾ (1) ਦੇ ਖੰਡ (ਹ) ਵਿੱਚ ਹਵਾਲਾ ਦਿੱਤੇ ਡਾਇਰੈਕਟਰਾਂ ਦੀਆਂ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ, ਸਮੇਤ ਤਨਖਾਹਾਂ ਅਤੇ ਭੱਤਿਆਂ ਦੇ, ਅਜਿਹੀਆਂ ਹੋਣਗੀਆਂ, ਜਿਵੇਂ ਮੁਕੱਰਰ ਕੀਤੀਆਂ ਜਾਣ।

(4) ਚੇਅਰਮੈਨ, ਵਾਈਸ-ਚੇਅਰਮੈਨ, ਪ੍ਰਬੰਧ ਡਾਇਰੈਕਟਰ ਅਤੇ ਉਪ-ਧਾਰਾ (1) ਦੇ ਖੰਡ (ਹ) ਵਿੱਚ ਹਵਾਲਾ ਦਿੱਤੇ ਡਾਇਰੈਕਟਰਾਂ ਦੇ ਅਹੁਦੇ ਦੀ ਅਉਧ ਦੋ ਸਾਲ ਹੋਵੇਗੀ ਅਤੇ ਉਹ ਮੁੜ-ਨਿਯੁਕਤੀ ਲਈ ਪਾਤਰ ਹੋਣਗੇ।

(5) ਉਹ ਹਾਲਾਤ ਜਿਹਨਾਂ ਅਧੀਨ ਚੇਅਰਮੈਨ, ਵਾਈਸ-ਚੇਅਰਮੈਨ, ਪ੍ਰਬੰਧ ਡਾਇਰੈਕਟਰ ਅਤੇ ਉਪ-ਧਾਰਾ (1) ਦੇ ਖੰਡ (ਹ) ਵਿੱਚ ਹਵਾਲਾ ਦਿੱਤੇ ਹੋਰ ਡਾਇਰੈਕਟਰ, ਆਪਣੇ ਅਹੁਦੇ ਦੀ ਅਉਧ ਦੌਰਾਨ ਹਟਾਉਣਯੋਗ ਹੋਣਗੇ, ਅਜਿਹੇ ਹੋਣਗੇ ਜਿਵੇਂ ਮੁਕੱਰਰ ਕੀਤੇ ਜਾਣ।

ਨਾ-ਕਾਬਲੀਅਤਾਂ ।

8. (1) ਕੋਈ ਵਿਅਕਤੀ ਨਿਗਮ ਦੇ ਡਾਇਰੈਕਟਰ ਵਜੋਂ ਨਿਯੁਕਤ ਜਾਂ ਨਾਮਜ਼ਦ ਕੀਤੇ ਜਾਣ, ਜਾਂ ਬਣੇ ਰਹਿਣ ਲਈ ਨਾ-ਕਾਬਲ ਹੋਵੇਗਾ-

(ੳ) ਜੇ ਉਹ ਨਿਆਂ-ਨਿਰਣਿਤ ਦੀਵਾਲੀਆ ਹੈ ਜਾਂ ਕਿਸੇ ਵੀ ਸਮੇਂ ਦੀਵਾਲੀਆਂ ਨਿਆਂ-ਨਿਰਣਿਤ ਕੀਤਾ ਗਿਆ ਹੈ ਜਾਂ ਉਸਨੇ ਆਪਣੇ ਰਿਣਾਂ ਦੀ ਅਦਾਇਗੀ ਨੂੰ ਮੁਅੱਤਲ ਕਰ ਦਿੱਤਾ ਹੈ ਜਾਂ ਉਸਨੇ ਆਪਣੇ ਲੈਣਦਾਰਾਂ ਨਾਲ ਤਸਫ਼ੀਆ ਕਰ ਲਿਆ ਹੈ;

(ਅ) ਜੇ ਉਹ ਵਿਗੜ-ਚਿੱਤ ਹੈ ਅਤੇ ਇੱਕ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਗਿਆ ਹੈ;

(ੲ) ਜੇ ਉਹ ਕਿਸੇ ਅਪਰਾਧ ਦਾ ਸਿੱਧ-ਦੋਸ਼ ਹੈ ਜਾਂ ਉਸਨੂੰ ਕਿਸੇ ਅਪਰਾਧ ਦਾ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਜੋ ਸਰਕਾਰ ਦੀ ਰਾਇ ਵਿੱਚ ਸਦਾਚਾਰਕ ਗਿਰਾਵਟ ਵਾਲਾ ਹੈ;

(ਸ) ਜੇ ਉਹ, ਰਾਜ ਸਰਕਾਰ ਜਾਂ ਕੇਂਦਰੀ ਸਰਕਾਰ, ਕਿਸੇ ਸਥਾਨਕ ਅਥਾਰਟੀ, ਕਿਸੇ ਸਰਕਾਰੀ ਕੰਪਨੀ ਜਾਂ ਰਾਜ ਸਰਕਾਰ ਜਾਂ

ਕੇਂਦਰੀ ਸਰਕਾਰ ਦੀ ਮਲਕੀਅਤ ਜਾਂ ਕੰਟਰੋਲ ਅਧੀਨ ਕਿਸੇ ਨਿਗਮਤ ਬੌਡੀ ਦੇ ਅਧੀਨ ਕੋਈ ਅਹੁੱਦਾ ਧਾਰਨ ਕਰਦੇ ਹੋਏ, ਸੇਵਾ ਤੋਂ ਹਟਾਇਆ ਜਾਂ ਬਰਖ਼ਾਸਤ ਕੀਤਾ ਗਿਆ ਹੈ, ਜਾਂ

(ਹ) ਜੇ ਉਸਨੂੰ ਸਰਕਾਰ ਦੁਆਰਾ ਹਟਾ ਦਿੱਤਾ ਗਿਆ ਹੋਵੇ।

(2) ਜੇ ਕੋਈ ਡਾਇਰੈਕਟਰ ਉਪ-ਧਾਰਾ (1) ਵਿੱਚ ਉਲਿਖਤ ਕਿਸੇ ਨਾਕਾਬਲੀਅਤ ਦੇ ਤਾਬੇ ਹੋ ਜਾਂਦਾ ਹੈ, ਤਦ ਉਸਦੀ ਥਾਂ ਖ਼ਾਲੀ ਹੋ ਜਾਵੇਗੀ।

ਪ੍ਰਬੰਧ ਡਾਇਰੈਕਟਰ ਦੀਆਂ ਸ਼ਕਤੀਆਂ ।

9. (1) ਪ੍ਰਬੰਧ ਡਾਇਰੈਕਟਰ ਜੋ ਨਿਗਮ ਦਾ ਪੂਰਣ-ਕਾਲੀ ਅਧਿਕਾਰੀ ਹੋਵੇਗਾ-

(ੳ) ਇਸਦਾ ਮੁੱਖ ਕਾਰਜਕਾਰੀ ਅਧਿਕਾਰੀ ਹੋਵੇਗਾ;

(ਅ) ਨਿਗਮ ਦੇ ਅਮਲਸ਼ੀਲ ਪ੍ਰਬੰਧ ਅਤੇ ਨਿਗਮ ਦੁਆਰਾ ਪ੍ਰਵਾਨਿਤ ਆਮ ਨੀਤੀਆਂ ਦੇ ਪਰਿਪਾਲਣ ਕਰਨ ਲਈ ਜ਼ਿੰਮੇਵਾਰ ਹੋਵੇਗਾ; ਅਤੇ

(ਏ) ਅਜਿਹੇ ਕਰਤੱਵ ਨਿਭਾਏਗਾ ਜੋ ਨਿਗਮ ਵਿਨਿਯਮਾਂ ਦੁਆਰਾ ਜਾਂ ਹੋਰ ਤਰ੍ਹਾਂ ਨਾਲ, ਉਸਨੂੰ ਸੌਂਪ ਸਕਦੀ ਹੈ।

(2) ਜੇ ਪ੍ਰਬੰਧ ਡਾਇਰੈਕਟਰ ਦੁਰਬਲਤਾ ਜਾਂ ਕਿਸੇ ਹੋਰ ਕਾਰਨ ਕਰਕੇ ਆਪਣੇ ਕਰਤੱਵਾਂ ਨੂੰ ਸਿਰੇ ਚਾੜ੍ਹਨ ਦੇ ਅਸਮੱਰਥ ਹੋ ਜਾਂਦਾ ਹੈ ਜਾਂ ਛੁੱਟੀ ਤੇ ਜਾਂ ਕਿਸੇ ਹੋਰ ਕਾਰਨ ਕਰਕੇ ਗੈਰ-ਹਾਜ਼ਰ ਹੈ, ਉਨ੍ਹਾਂ ਹਾਲਾਤਾਂ ਵਿੱਚ ਜਿਨ੍ਹਾਂ ਵਿੱਚ ਉਸਦੀ ਨਿਯੁਕਤੀ ਦੀ ਸਮਾਪਤੀ ਨਹੀਂ ਹੁੰਦੀ, ਸਰਕਾਰ ਉਸਦੀ ਗੈਰ-ਹਾਜ਼ਰੀ ਦੌਰਾਨ ਉਸਦੀ ਥਾਂ ਕਾਰਜ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਕਰ ਸਕੇਗੀ।

ਨਿਗਮ ਦਾ ਅਮਲਾ ।

10. ਨਿਗਮ ਅਜਿਹੇ ਅਧਿਕਾਰੀ ਅਤੇ ਕਰਮਚਾਰੀਆਂ ਨੂੰ ਨਿਯੁਕਤ ਕਰ ਸਕੇਗੀ ਜਿਹਨਾਂ ਨੂੰ ਉਹ ਆਪਣੇ ਕਾਜਕਾਰ ਕਾਰਜਕੁਸ਼ਲਤਾ ਨਾਲ ਕਰਨ ਲਈ ਜ਼ਰੂਰੀ ਸਮਝੇ ਅਤੇ ਸਰਕਾਰ ਦੀ ਪੂਰਬਲੀ ਪ੍ਰਵਾਨਗੀ ਨਾਲ, ਉਨ੍ਹਾਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਨਿਰਧਾਰਤ ਕਰ ਸਕੇਗੀ।

ਕਮੇਟੀਆਂ ।

11. ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਬੋਰਡ ਆਪਣੇ ਕਾਜਕਾਰਾਂ ਨੂੰ ਕਾਰਜਕੁਸ਼ਲਤਾ ਨਾਲ ਨਿਭਾਉਣ ਨੂੰ ਯਕੀਨੀ ਬਣਾਉਣ ਦੇ ਪ੍ਰਯੋਜਨ ਲਈ, ਸਮੇਂ-ਸਮੇਂ ਤੇ, ਇੱਕ ਜਾਂ ਵੱਧ ਕਮੇਟੀਆਂ ਨਿਯੁਕਤ ਕਰ ਸਕੇਗਾ।

ਬੋਰਡ ਦੀਆਂ ਇੱਕਤਰਤਾਵਾਂ ।

12. (1) ਬੋਰਡ ਜਾਂ ਇਸ ਦੁਆਰਾ ਨਿਯੁਕਤ ਕੀਤੀ ਗਈ ਕੋਈ ਕਮੇਟੀ ਅਜਿਹੇ ਸਮੇਂ ਅਤੇ ਸਥਾਨਾਂ ਤੇ ਇਕੱਤਰ ਹੋਵੇਗੀ ਅਤੇ ਆਪਣੀਆਂ ਇਕੱਤਰਤਾਵਾਂ ਵਿੱਚ ਕਾਰਜ ਕਰਨ ਦੇ ਬਾਬਤ ਜ਼ਾਬਤੇ ਦੇ ਅਜਿਹੇ ਨਿਯਮਾਂ ਦੀ ਪਾਲਣਾ ਕਰੇਗੀ ਜੋ ਇਸ ਐਕਟ ਅਧੀਨ ਨਿਗਮ ਦੁਆਰਾ ਬਣਾਏ ਗਏ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾ ਸਕਦੇ ਹਨ।

(2) ਜੇ ਕਿਸੇ ਕਾਰਨ ਕਰਕੇ, ਚੇਅਰਮੈਨ ਬੋਰਡ ਦੀ ਕਿਸੇ ਇਕੱਤਰਤਾ ਵਿੱਚ ਹਾਜ਼ਰ ਹੋਣ ਵਿੱਚ ਅਸੱਮਰਥ ਹੁੰਦਾ ਹੈ, ਤਾਂ ਵਾਈਸ-ਚੇਅਰਮੈਨ, ਅਤੇ ਉਸਦੀ ਗ਼ੈਰ-ਹਾਜ਼ਰੀ ਵਿੱਚ, ਇਕੱਤਰਤਾ ਵਿੱਚ ਹਾਜ਼ਰ ਡਾਇਰੈਕਟਰਾਂ ਦੁਆਰਾ ਚੁਣਿਆ ਗਿਆ ਕੋਈ ਹੋਰ ਡਾਇਰੈਕਟਰ, ਇੱਕਤਰਤਾ ਦੀ ਪ੍ਰਧਾਨਗੀ ਕਰੇਗਾ।

(3) ਬੋਰਡ ਦੀਆਂ ਇਕੱਤਰਤਾਵਾਂ ਲਈ ਪੰਜ ਡਾਇਰੈਕਟਰ ਕੋਰਮ ਬਣਾਉਣਗੇ:

ਪ੍ਰੰਤੂ ਸਥਗਤ ਇਕੱਤਰਤਾਵਾਂ ਲਈ ਕੋਈ ਕੋਰਮ ਜ਼ਰੂਰੀ ਨਹੀਂ ਹੋਵੇਗਾ।

(4) ਬੋਰਡ ਦੀ ਕਿਸੇ ਇਕੱਤਰਤਾ ਦੇ ਅੱਗੇ ਉਠਾਏ ਜਾਣ ਵਾਲੇ ਸਾਰੇ ਸਵਾਲਾਂ ਦਾ ਫ਼ੈਸਲਾ ਹਾਜ਼ਰ ਅਤੇ ਵੋਟ ਪਾਉਣ ਵਾਲੇ ਡਾਇਰੈਕਟਰਾਂ ਦੀ ਬਹੁ-ਸੰਮਤੀ ਨਾਲ ਕੀਤਾ ਜਾਵੇਗਾ ਅਤੇ ਵੋਟਾਂ ਬਰਾਬਰ ਹੋਣ ਦੀ ਸੂਰਤ ਵਿੱਚ, ਚੇਅਰਮੈਨ, ਜਾਂ ਉਸਦੀ ਗ਼ੈਰ-ਹਾਜ਼ਰੀ ਵਿੱਚ, ਪ੍ਰਧਾਨਗੀ ਕਰ ਰਹੇ ਡਾਇਰੈਟਰ ਕੋਲ ਦੂਜੀ ਜਾਂ ਨਿਰਨਾਇਕ ਵੋਟ ਹੋਵੇਗੀ ਅਤੇ ਉਹ ਉਸਦੀ ਵਰਤੋਂ ਕਰੇਗਾ।

ਚੇਅਰਮੈਨ ਜਾਂ ਪ੍ਰਬੰਧ ਡਾਇਰੈਕਟਰ ਅਤੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸ਼ਕਤੀਆਂ ਡੈਲੀਗੇਟ ਕਰਨਾ ।

13. ਬੋਰਡ, ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ, ਚੇਅਰਮੈਨ, ਵਾਈਸ-ਚੇਅਰਮੈਨ ਜਾਂ ਪ੍ਰਬੰਧ ਡਾਇਰੈਕਟਰ ਜਾਂ ਇਸ ਦੁਆਰਾ ਨਿਯੁਕਤ ਕੀਤੀ ਗਈ ਕਿਸੇ ਕਮੇਟੀ ਜਾਂ ਨਿਗਮ ਦੇ ਕਿਸੇ ਹੋਰ ਅਧਿਕਾਰੀ ਜਾਂ ਕਰਮਚਾਰੀਆਂ ਨੂੰ ਅਜਿਹੀਆਂ ਸ਼ਰਤਾਂ ਅਤੇ ਸੀਮਾਵਾਂ ਦੇ ਤਾਬੇ, ਜੇ ਕੋਈ ਹੋਣ, ਜੋ ਉਲਿਖਤ ਕੀਤੀਆਂ ਜਾਣ, ਇਸ ਐਕਟ ਅਧੀਨ ਆਪਣੀਆਂ ਅਜਿਹੀਆਂ ਸ਼ਕਤੀਆਂ ਅਤੇ ਕਰਤੱਵ, ਵਿਨਿਯਮ ਬਣਾਉਣ ਦੀ ਸ਼ਕਤੀ ਨੂੰ ਛੱਡ ਕੇ, ਡੈਲੀਗੇਟ ਕਰ ਸਕੇਗਾ, ਜਿਵੇਂ ਇਹ ਜ਼ਰੂਰੀ ਸਮਝੇ।

ਇਤਫ਼ਾਕੀਆ ਖਾਲੀ ਥਾਵਾਂ ।

14. (1) ਚੇਅਰਮੈਨ, ਵਾਈਸ-ਚੇਅਰਮੈਨ ਜਾਂ ਪ੍ਰਬੰਧ ਡਾਇਰੈਕਟਰ ਜਾਂ ਧਾਰਾ 7 ਦੀ ਉਪ-ਧਾਰਾ (1) ਦੇ ਖੰਡ (ਹ) ਵਿੱਚ ਹਵਾਲਾ ਦਿੱਤਾ ਕੋਈ ਡਾਇਰੈਕਟਰ, ਕਿਸੇ ਵੀ ਸਮੇਂ, ਸਰਕਾਰ ਨੂੰ ਲਿਖਤੀ ਨੋਟਿਸ ਦੇ ਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕਦਾ ਹੈ ਅਤੇ ਅਜਿਹਾ ਅਸਤੀਫ਼ਾ ਸਵੀਕਾਰ ਹੋਣ ਤੇ ਉਸਨੂੰ ਆਪਣਾ ਅਹੁਦਾ ਖਾਲੀ ਕਰ ਚੁੱਕਾ ਸਮਝਿਆ ਜਾਵੇਗਾ।

(2) ਜੇ ਚੇਅਰਮੈਨ, ਵਾਈਸ-ਚੇਅਰਮੈਨ ਜਾਂ ਪ੍ਰਬੰਧ ਡਾਇਰੈਕਟਰ ਜਾਂ ਧਾਰਾ 7 ਦੀ ਉਪ-ਧਾਰਾ (1) ਦੇ ਖੰਡ (ਹ) ਵਿੱਚ ਹਵਾਲਾ ਦਿੱਤੇ ਕਿਸੇ ਡਾਇਰੈਕਟਰ ਦਾ ਅਹੁਦਾ ਉਸਦੀ ਮੌਤ, ਅਸਤੀਫ਼ਾ ਜਾਂ ਕਿਸੇ ਹੋਰ ਕਾਰਨ ਕਰਕੇ ਖਾਲੀ ਹੋ ਜਾਂਦਾ ਹੈ ਤਾਂ ਉਸ ਖਾਲੀ ਥਾਂ ਨੂੰ ਸਰਕਾਰ ਦੁਆਰਾ ਨਿਯੁਕਤੀ ਜਾਂ ਨਾਮਜ਼ਦਗੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਭਰਿਆ ਜਾਵੇਗਾ।

ਅਧਿਆਇ IV

ਨਿਗਮ ਦੇ ਕਾਜਕਾਰ ਅਤੇ ਫ਼ੰਡ

ਨਿਗਮ ਦੇ ਕਾਜਕਾਰ ।

15. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਨਿਗਮ ਦੇ ਕਾਜਕਾਰ ਰਾਜ ਵਿੱਚ ਸਾਬਕਾ ਫੌਜੀਆਂ ਦੀ ਭਲਾਈ ਅਤੇ ਆਰਥਿਕ ਉੱਨਤੀ ਲਈ ਉਪਬੰਧ ਕਰਨਾ ਹੋਣਗੇ।

(2) ਪੂਰਵਗਾਮੀ ਉਪਬੰਧਾਂ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਨਿਗਮ ਅਜਿਹੇ ਕਦਮ ਚੁੱਕ ਸਕਦੀ ਹੈ ਜੋ ਉਹ ਉਚਿਤ ਸਮਝੇ-

(i) ਆਪਣੇ ਆਪ ਜਾਂ ਅਜਿਹੇ ਸਾਬਕਾ ਫੌਜੀ ਸੰਗਠਨਾਂ ਰਾਹੀਂ ਜਾਂ ਹੋਰ ਏਜੰਸੀਆਂ ਦੇ ਸਹਿਯੋਗ ਨਾਲ, ਜਿਵੇਂ ਨਿਗਮ ਦੁਆਰਾ ਪ੍ਰਵਾਨਤ ਕੀਤਾ ਜਾਵੇ, ਜ਼ਰਾਇਤੀ ਵਿਕਾਸ, ਮੰਡੀਕਰਨ, ਪ੍ਰੋਸੈਸ ਕਰਨਾ, ਜ਼ਰਾਇਤੀ ਉਪਜ ਦੀ ਸਪਲਾਈ ਅਤੇ ਸਟੋਰ ਕਰਨ, ਛੋਟੇ ਪੈਮਾਨੇ ਦਾ ਉਦਯੋਗ, ਇਮਾਰਤ ਉਸਾਰੀ, ਟਰਾਂਸਪੋਰਟ ਅਤੇ ਅਜਿਹੇ ਹੋਰ ਕਾਰੋਬਾਰ, ਵਪਾਰ ਜਾਂ ਸਰਗਰਮੀ ਦੇ ਪ੍ਰੋਗਰਾਮਾਂ ਦੀ ਯੋਜਨਾਂ ਬਣਾਉਣਾ, ਉਤਸ਼ਾਹਿਤ ਕਰਨਾ ਅਤੇ ਜ਼ਿੰਮਾ ਲੈਣਾ ਜੋ ਇਸਦੇ ਨਮਿੱਤ ਸਰਕਾਰ ਦੁਆਰਾ ਪ੍ਰਵਾਨਿਤ ਕੀਤੇ ਜਾ ਸਕਦੇ ਹਨ;

(ii) ਸਾਬਕਾ ਫੌਜੀਆਂ ਜਾਂ ਉਹਨਾਂ ਦੇ ਸੰਗਠਨਾ ਨੂੰ ਨਕਦ ਜਾਂ ਜਿਨਸ ਦੇ ਰੂਪ ਵਿੱਚ ਕਰਜ਼ੇ ਦੇ ਕੇ ਵਿੱਤੀ ਸਹਾਇਤਾ ਪ੍ਰਦਾਨ ਕਰਨਾ, ਜਿਸ ਵਿੱਚ ਖੰਡ (i) ਵਿੱਚ ਉਲਿਖਤ ਕੀਤੇ ਗਏ ਕਿਸੇ ਵੀ ਪ੍ਰਯੋਜਨ ਲਈ ਸਿੱਧੇ ਤੌਰ ਤੇ ਜਾਂ ਅਜਿਹੀ ਏਜੰਸੀ, ਸੰਗਠਨ ਜਾਂ ਸੰਸਥਾ ਰਾਹੀਂ ਜੋ ਇਸ ਦੁਆਰਾ ਪ੍ਰਵਾਨਿਤ ਕੀਤੇ ਜਾਣ, ਕਿਰਾਇਆ-ਖਰੀਦ ਪ੍ਰਣਾਲੀ ਅਧੀਨ ਕਰਜ਼ੇ ਸ਼ਾਮਲ ਹਨ;

(iii) ਸਾਬਕਾ ਫੌਜੀਆਂ ਜਾਂ ਉਹਨਾਂ ਦੇ ਸੰਗਠਨਾਂ ਨੂੰ ਜ਼ਰਾਇਤੀ ਜਾਂ ਉਦਯੋਗਕ ਮਸ਼ੀਨਰੀ ਜਾਂ ਸਾਜੋ-ਸਮਾਨ ਕਿਰਾਏ ਤੇ ਦੇਣਾ;

(iv) ਸਾਬਕਾ ਫੌਜੀਆਂ ਜਾਂ ਉਨ੍ਹਾਂ ਦੇ ਸੰਗਠਨਾਂ ਨੂੰ ਗ੍ਰਾਂਟਾਂ ਅਤੇ ਅੰਸ਼ਦਾਨ ਦੇਣਾ, ਅਤੇ ਉਹਨਾਂ ਦੁਆਰਾ ਲਏ ਗਏ ਕਰਜ਼ਿਆ ਦੀ ਗਰੰਟੀ ਦੇਣਾ;

(v) ਅਜਿਹੇ ਹੋਰ ਕਾਜਕਾਰਾਂ ਨੂੰ ਨਿਭਾਉਣਾ ਜੋ ਮੁਕੱਰਰ ਕੀਤੇ ਜਾਣ ਜਾਂ ਜੋ ਇਸ ਐਕਟ ਅਧੀਨ ਇਸਨੂੰ ਪ੍ਰਦਾਨ ਕੀਤੇ ਗਏ ਕਿਸੇ ਵੀ ਕਾਜਕਾਰਾਂ ਦੇ ਅਨੁਪੂਰਕ, ਅਨੁਸੰਗਕ ਜਾਂ ਪਰਿਮਾਣਕ ਹਨ।

(3) ਆਪਣੇ ਕਾਜਕਾਰਾਂ ਨੂੰ ਨਿਭਾਉਂਦੇ ਸਮੇਂ, ਨਿਗਮ ਲੋਕ ਹਿੱਤ, ਆਪਣੀ ਕਰਜਾ ਚੁਕਾਉਣ ਦੀ ਸਮੱਰਥਾ ਅਤੇ ਸਾਬਕਾ ਫੈਜੀਆਂ ਦੀ ਭਲਾਈ ਦਾ ਯੋਗ ਧਿਆਨ ਰੱਖੇਗੀ।

ਨਿਗਮ ਦੀ ਪੂੰਜੀ ਅਤੇ ਇਸਦੀ ਉਧਾਰ ਲੈਣ ਜਾਂ ਬਾਂਡ ਅਤੇ ਡਿਬੈਂਚਰ ਜਾਰੀ ਕਰਨ ਦੀ ਸ਼ਕਤੀ।

16. (1) ਇਸ ਐਕਟ ਅਧੀਨ ਆਪਣੇ ਕਾਜਕਾਰਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ, ਨਿਗਮ-

(ੳ) ਸਰਕਾਰ ਦੁਆਰਾ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਜਿਵੇਂ ਸਰਕਾਰ ਦੁਆਰਾ ਉਲਿਖਤ ਕੀਤੀਆਂ ਜਾਣ, ਜਾਂ ਸਾਬਕਾ ਫੈਜੀਆਂ ਦੀ ਭਲਾਈ ਵਿੱਚ ਹਿੱਤਬੱਧ ਜਾਂ ਕਾਰਵਾਈ ਕਰਦੇ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਸਭਾ ਦੁਆਰਾ, ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਜੋ ਨਿਗਮ ਅਤੇ ਅਜਿਹੇ ਵਿਅਕਤੀ ਜਾਂ ਵਿਅਕਤੀਆਂ ਦੀ ਸਭਾ ਵਿਚਕਾਰ ਪਰਸਪਰ ਤੌਰ ਤੇ ਸਹਿਮਤ ਹੋਣ, ਨੂੰ ਪੂੰਜੀ ਮੁਹੱਈਆ ਕਰਵਾਈ ਜਾ ਸਕੇਗੀ;

(ਅ) ਸਰਕਾਰ ਦੀ ਪੂਰਬਲੀ ਪ੍ਰਵਾਨਗੀ ਨਾਲ, ਅਤੇ ਨਿਰਦੇਸ਼ਾਂ ਦੇ ਤਾਬੇ, ਕਿਸੇ ਬੈਂਕ ਜਾਂ ਹੋਰ ਵਿੱਤੀ ਸੰਸਥਾ ਜਾਂ ਕਿਸੇ ਹੋਰ ਅਥਾਰਟੀ ਜਾਂ ਸੰਗਠਨ ਤੋਂ ਧਨ ਉਧਾਰ ਲੈ ਸਕੇਗੀ;

(ਇ) ਬਾਂਡ ਅਤੇ ਡਿਬੈਂਚਰ ਜਾਰੀ ਕਰ ਸਕੇਗੀ ਜਾਂ ਪਰੋਨੋਟ, ਵਟਾਂਦਰਾ-ਬਿੱਲ, ਹੁੰਡੀਆਂ, ਬਿੱਲ, ਵਾਰੰਟ, ਡਿਬੈਂਚਰ ਅਤੇ ਹੋਰ ਵਿਕਾ-ਯੋਗ ਲਿਖਤ ਲੈ, ਬਣਾ, ਸਵੀਕਾਰ, ਪੁਸ਼ਟੀ, ਛੋਟ, ਤਕਮੀਲ ਅਤੇ ਜਾਰੀ ਕਰ ਸਕੇਗੀ।

(2) ਸਰਕਾਰ ਉਪ-ਧਾਰਾ (1) ਅਧੀਨ ਨਿਗਮ ਦੁਆਰਾ ਉਧਾਰ ਲਏ ਧਨ ਦੀ ਮੁੜ-ਅਦਾਇਗੀ ਅਤੇ ਉਸ ਤੇ ਵਿਆਜ਼ ਦੀ ਅਦਾਇਗੀ ਦੀ ਗਰੰਟੀ ਦੇ ਸਕੇਗੀ।

ਸਾਬਕਾ ਫੈਜੀ ਨਿਗਮ ਫ਼ੰਡ।

17. (1) ਕਾਰਪੋਰੇਸ਼ਨ ਸਾਬਕਾ ਫੈਜੀ ਨਿਗਮ ਫੰਡ (ਇਸ ਤੋਂ ਪਿੱਛੇ ਫੰਡ ਵਜੋਂ ਜਾਣਿਆ ਜਾਵੇਗਾ) ਨਾਮਕ ਇੱਕ ਫੰਡ ਕਾਇਮ ਕਰੇਗੀ ਜਿਸ ਵਿੱਚ ਹੇਠ-ਲਿਖੇ ਜਮ੍ਹਾਂ ਕੀਤੇ ਜਾਣਗੇ-

(ੳ) ਸਰਕਾਰ ਤੋਂ ਜਾਂ ਸਾਬਕਾ ਫੈਜੀਆਂ ਦੀ ਭਲਾਈ ਵਿੱਚ ਹਿੱਤਬੱਧ ਜਾਂ ਕਾਰਵਾਈ ਕਰਦੇ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਸਭਾ ਤੋਂ ਇਸ ਦੁਆਰਾ ਪ੍ਰਾਪਤ ਕੀਤਾ ਸਾਰਾ ਧਨ;

(ਅ) ਧਨ ਦੀਆਂ ਅਜਿਹੀਆਂ ਰਕਮਾਂ ਜੋ ਫ਼ੰਡ ਵਿੱਚੋਂ ਦਿੱਤੇ ਗਏ ਕਰਜ਼ਿਆਂ ਦੀ ਮੁੜ-ਅਦਾਇਗੀ ਵਜੋਂ ਜਾਂ ਕਰਜ਼ਿਆਂ ਤੇ ਵਿਆਜ ਤੋਂ ਸਮੇਂ-ਸਮੇਂ ਤੇ ਵਸੂਲ ਕੀਤੀਆਂ ਜਾਣ;

(ਏ) ਧਾਰਾ 16 ਅਧੀਨ ਉਧਾਰ ਲਏ ਗਏ ਸਾਰੇ ਧਨ; ਅਤੇ

(ਸ) ਕਿਸੇ ਹੋਰ ਸਰੋਤ ਤੋਂ ਇਸ ਦੁਆਰਾ ਪ੍ਰਾਪਤ ਕੀਤਾ ਸਾਰਾ ਧਨ।

(2) ਫ਼ੰਡ ਵਿਚਲੇ ਧਨ ਦੀ ਵਰਤੋਂ ਨਿਗਮ ਦੁਆਰਾ ਇਸ ਐਕਟ ਅਧੀਨ ਆਪਣੇ ਕਾਜਕਾਰਾਂ ਨੂੰ ਸਿਰੇ ਚਾੜ੍ਹਨ ਲਈ ਕੀਤੀ ਜਾਵੇਗੀ।

(3) ਫ਼ੰਡ ਵਿਚਲਾ ਸਾਰਾ ਧਨ ਭਾਰਤੀ ਰਿਜ਼ਰਵ ਬੈਂਕ ਐਕਟ, 1934 ਦੀ ਦੂਜੀ ਅਨੁਸੂਚੀ ਵਿੱਚ ਤੱਤ ਸਮੇਂ ਲਈ ਸ਼ਾਮਲ ਕੀਤੇ ਬੈਂਕ ਵਿੱਚ, ਜਾਂ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕੀਤਾ ਜਾਵੇਗਾ, ਜਿਵੇਂ ਨਿਗਮ ਦੁਆਰਾ ਫੈਸਲਾ ਕੀਤਾ ਜਾਵੇ:

ਪ੍ਰੰਤੂ ਨਿਗਮ ਆਪਣੇ ਵਾਫ਼ਰ ਫੰਡਾਂ ਨੂੰ ਸਰਕਾਰੀ ਸਿਕਿਉਰਿਟੀਆਂ ਵਿੱਚ ਜਾਂ ਅਜਿਹੇ ਹੋਰ ਤਰੀਕੇ ਨਾਲ ਨਿਵੇਸ਼ ਜਾਂ ਜਮ੍ਹਾਂ ਕਰ ਸਕਦੀ ਹੈ ਜਿਵੇਂ ਉਹ ਫੈਸਲਾ ਕਰੇ।

ਅਧਿਆਇ V

ਕਰਜ਼ੇ

ਕਰਜ਼ਿਆਂ ਲਈ ਸ਼ਰਤਾਂ ਅਰੋਪਣ ਦੀ ਸ਼ਕਤੀ।

18. ਇਸ ਐਕਟ ਦੁਆਰਾ ਅਧਿਕਾਰਤ ਕੋਈ ਕਰਜ਼ਾ ਦਿੰਦੇ ਸਮੇਂ, ਨਿਗਮ ਅਜਿਹੀਆਂ ਸ਼ਰਤਾਂ ਅਰੋਪ ਸਕਦੀ ਹੈ ਜੋ ਇਹ ਨਿਗਮ ਦੇ ਹਿੱਤਾਂ ਦੀ ਸੁਰੱਖਿਆ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉੱਚਿਤ ਸਮਝੇ:

ਪ੍ਰੰਤੂ ਅਜਿਹੇ ਕਰਜ਼ਿਆਂ ਤੇ ਵਿਆਜ਼ ਅਜਿਹੀ ਰਿਆਇਤ ਦਰ ਤੇ ਚਾਰਜ ਕਰਨ ਯੋਗ ਹੋਵੇਗਾ ਜੋ, ਸਮੇਂ-ਸਮੇਂ ਤੇ, ਸਰਕਾਰ ਦੀ ਪੂਰਬਲੀ ਪ੍ਰਵਾਨਗੀ ਨਾਲ ਨਿਗਮ ਦੁਆਰਾ ਨਿਯਤ ਕੀਤਾ ਜਾਵੇ।

ਕਰਾਰਤ ਕੀਤੀ ਮੁੱਦਤ ਤੋਂ ਪਹਿਲਾਂ ਮੁੜ ਅਦਾਇਗੀ ਦੀ ਮੰਗ ਕਰਨ ਦੀ ਸ਼ਕਤੀ।

19. ਕਿਸੇ ਕਰਾਰ ਵਿੱਚ ਇਸਦੇ ਉਲਟ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਨਿਗਮ, ਲਿਖਤੀ ਨੋਟਿਸ ਦੁਆਰਾ, ਕਿਸੇ ਰਿਣੀ ਨੂੰ ਨਿਗਮ ਪ੍ਰਤੀ ਆਪਣੀਆਂ ਦੇਣਦਾਰੀਆਂ ਦਾ ਪੂਰਨ ਰੂਪ ਵਿੱਚ ਤਤਕਾਲ ਨਿਸਤਾਰਾ ਕਰਨ ਲਈ ਕਹਿ ਸਕਦੀ ਹੈ,-

(ੳ) ਜੇ ਨਿਗਮ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਕਰਜ਼ੇ ਲਈ ਦਰਖ਼ਾਸਤ ਵਿੱਚ ਕੋਈ ਝੂਠੀ ਜਾਂ ਕੁਰਾਹੇ ਪਾਉਣ ਵਾਲੀ ਜਾਣਕਾਰੀ ਜਾਂ ਵੇਰਵਾ ਦਿੱਤਾ ਗਿਆ ਸੀ;

(ਅ) ਜੇ ਰਿਣੀ ਉਸ ਦੁਆਰਾ ਨਿਗਮ ਨਾਲ ਕੀਤੇ ਗਏ ਕਰਾਰ ਦੇ ਕਿਸੇ ਵੀ ਨਿਬੰਧਨ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੈ;

(ਏ) ਜੇ ਇਹ ਵਾਜਬ ਸੰਸਾ ਹੈ ਕਿ ਰਿਣੀ ਉਸ ਵੱਲ ਦੇਣਯੋਗ ਧਨ ਦੀ ਅਦਾਇਗੀ ਕਰਨ ਦੇ ਅਸਮੱਰਥ ਹੈ; ਜਾਂ

(ਸ) ਜੇ ਕਿਸੇ ਹੋਰ ਕਾਰਨ ਕਰਕੇ ਨਿਗਮ ਦੇ ਹਿੱਤਾਂ ਦੀ ਸੁਰੱਖਿਆ ਲਈ ਇਸ ਤਰ੍ਹਾਂ ਕਰਨਾ ਜ਼ਰੂਰੀ ਹੋਵੇ।

ਨਿਗਮ ਨੂੰ ਦੇਣਯੋਗ ਧਨ ਦੀ ਵਸੂਲੀ।

20. (1) ਜਿੱਥੇ ਕੋਈ ਰਕਮ ਕਿਸੇ ਵਿਅਕਤੀ ਵੱਲੋਂ, ਰਿਣੀ ਦੀ ਜ਼ਾਮਨੀ ਸਮੇਤ, ਨਿਗਮ ਨੂੰ, ਉਸ ਦੁਆਰਾ ਦਿੱਤੇ ਕਰਜ਼ਿਆਂ ਜਾਂ ਪੇਸ਼ਗੀਆਂ ਜਾਂ ਹੋਰ ਵਿੱਤੀ ਸਹੂਲਤ, ਦੇ ਬਾਰੇ ਵਿੱਚ, ਦੇਣਯੋਗ ਹੈ, ਤਾਂ ਅਜਿਹੀ ਰਕਮ, ਪ੍ਰਬੰਧ ਡਾਇਰੈਕਟਰ ਦੁਆਰਾ ਮੁਕੱਰਰ ਰੂਪ ਵਿੱਚ ਦਿੱਤੇ ਜਾਣ ਵਾਲੇ ਪ੍ਰਮਾਣ-ਪੱਤਰ ਤੇ, ਉਸ ਜ਼ਿਲ੍ਹੇ ਦੇ ਕੁਲੈਕਟਰ ਦੁਆਰਾ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲੀਯੋਗ ਹੋਵੇਗੀ ਜਿਸ ਵਿੱਚ ਉਹ ਵਿਅਕਤੀ ਜਿਸ ਵੱਲੋਂ ਰਕਮ ਦੇਣਯੋਗ ਹੈ, ਰਹਿੰਦਾ ਹੈ ਜਾਂ ਕਾਰੋਬਾਰ ਕਰਦਾ ਹੈ ਜਾਂ ਕਿਸੇ ਸੰਪਤੀ ਦਾ ਮਾਲਕ ਹੈ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਪ੍ਰਮਾਣ-ਪੱਤਰ ਜਾਰੀ ਕਰਨ ਤੋਂ ਪਹਿਲਾਂ, ਪ੍ਰਬੰਧ ਡਾਇਰੈਕਟਰ ਅਜਿਹੇ ਨਿਗਮ ਦੇ ਕਾਰੋਬਾਰ ਨਾਲ ਅਸੰਬੰਧਤ, ਅਜਿਹੇ ਅਧਿਕਾਰੀ ਨੂੰ ਦਰਖ਼ਾਸਤ ਦੇਵੇਗਾ, ਜਿਵੇਂ ਸਰਕਾਰ ਦੁਆਰਾ ਇਸਦੇ ਨਮਿੱਤ ਸ਼ਕਤੀ ਪ੍ਰਾਪਤ ਹੋਵੇ ਅਤੇ ਉਹ ਅਧਿਕਾਰੀ ਸੰਬੰਧਤ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇਣ ਪਿੱਛੋਂ ਇੱਕ ਹੁਕਮ ਦੁਆਰਾ ਨਿਗਮ ਨੂੰ ਦੇਣਯੋਗ ਰਕਮ ਨਿਰਧਾਰਤ ਕਰੇਗਾ ਅਤੇ ਇਸ ਬਾਰੇ ਪ੍ਰਬੰਧ ਡਾਇਰੈਕਟਰ ਨੂੰ ਸੰਸਚੂਤ ਕਰੇਗਾ।

(3) ਉਪ-ਧਾਰਾ (2) ਅਧੀਨ ਸ਼ਕਤੀ ਪ੍ਰਾਪਤ ਅਧਿਕਾਰੀ ਅਜਿਹਾ ਜ਼ਾਬਤਾ ਅਪਣਾਏਗਾ ਜਿਵੇਂ ਮੁਕੱਰਰ ਕੀਤਾ ਜਾਵੇ।

(4) ਉਪ-ਧਾਰਾ (1) ਅਧੀਨ ਪ੍ਰਬੰਧ ਡਾਇਰੈਕਟਰ ਦੁਆਰਾ ਜਾਰੀ ਕੀਤਾ ਗਿਆ ਪ੍ਰਮਾਣ-ਪੱਤਰ ਅੰਤਿਮ ਅਤੇ ਨਿਰਣੇਈ ਹੋਵੇਗਾ ਅਤੇ ਕਿਸੇ ਅਥਾਰਟੀ ਜਾਂ ਅਦਾਲਤ ਅੱਗੇ ਇਸ ਤੇ ਉਜਰ ਨਹੀਂ ਕੀਤਾ ਜਾਵੇਗਾ।

(5) ਕਿਸੇ ਕਰਜ਼ੇ ਦੇ ਬਾਰੇ ਵਿੱਚ ਨਿਗਮ ਨੂੰ ਦੇਣਯੋਗ ਕਿਸੇ ਰਕਮ ਦੀ ਵਸੂਲੀ ਦੇ ਪ੍ਰਯੋਜਨ ਲਈ, ਉਸਦੇ ਜ਼ਾਮਨੀ ਦੇ ਵਿਰੁੱਧ ਕਾਰਵਾਈ ਕਰਨ ਤੋਂ ਪਹਿਲਾਂ ਮੂਲ ਰਿਣੀ ਦੇ ਵਿਰੁੱਧ ਕਾਰਵਾਈ ਕਰਨਾ ਜ਼ਰੂਰੀ ਨਹੀਂ ਹੋਵੇਗਾ।

ਰਿਣੀ ਦੀ ਸੰਪੱਤੀ ਤੇ ਨਿਗਮ ਦੇ ਕਰਜ਼ਿਆਂ ਦਾ ਪਹਿਲਾਂ ਭਾਰ।

21. ਤੱਤਸਮੇਂ ਨਾਫ਼ਜ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਪਰ ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਵਿੱਚ ਚਾਰਜਿਜ਼ ਦੀ ਅਗੇਤ ਕ੍ਰਮ ਸੰਬੰਧੀ ਉਪਬੰਧਾਂ ਦੇ ਅਤੇ ਮੁਕੱਰਰ ਵਿੱਤੀ ਸੰਸਥਾਵਾਂ ਦੇ ਕਿਸੇ ਅਗੇਤੇ ਭਾਰ ਜਾਂ ਸਰਕਾਰ ਦੁਆਰਾ ਮਾਲੀਏ ਜਾਂ ਮਾਲੀਏ ਦੇ ਬਕਾਏ ਵਜੋਂ ਵਸੂਲੀਯੋਗ ਕਿਸੇ ਧਨ ਬਾਰੇ ਅਗੇਤ ਕ੍ਰਮ ਵਿੱਚ ਪਹਿਲ

ਰੱਖਦੇ ਕਿਸੇ ਦਾਅਵੇ ਦੇ ਤਾਬੇ, ਇਸ ਐਕਟ ਅਧੀਨ ਨਿਗਮ ਦੁਆਰਾ ਦਿੱਤਾ ਗਿਆ ਕਰਜ਼ਾ ਉਸ ਤੇ ਉਤਪੰਨ ਹੋਏ ਵਿਆਜ਼ ਅਤੇ ਉਸ ਦੀ ਵਸੂਲੀ ਦੇ ਖ਼ਰਚੇ ਸਮੇਤ ਰਿਣੀ ਦੀ ਸੰਪੱਤੀ 'ਤੇ ਪਹਿਲਾ ਭਾਰ ਹੋਵੇਗਾ।

ਅਧਿਆਇ VI

ਲੇਖੇ ਅਤੇ ਆਡਿਟ

ਲੇਖੇ।

22. (1) ਨਿਗਮ ਦਾ ਸੰਤੁਲਨ-ਪੱਤਰ ਅਤੇ ਲੇਖੇ, ਜਿਸ ਵਿੱਚ ਲਾਭ ਅਤੇ ਹਾਨ ਲੇਖਾ ਸ਼ਾਮਲ ਹੈ, ਅਜਿਹੇ ਰੂਪ ਵਿੱਚ ਅਤੇ ਅਜਿਹੇ ਤਰੀਕੇ ਨਾਲ ਤਿਆਰ ਕੀਤੇ ਅਤੇ ਕਾਇਮ ਰੱਖੇ ਜਾਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਨਿਗਮ ਹਰ ਸਾਲ ਮਾਰਚ ਦੇ ਇੱਕਤੀਵੇਂ ਦਿਨ ਤੇ ਆਪਣੀਆਂ ਵਹੀਆਂ ਅਤੇ ਲੇਖਿਆਂ ਨੂੰ ਸੰਤੁਲਿਤ ਅਤੇ ਬੰਦ ਕਰਵਾਏਗੀ।

ਆਡਿਟ।

23. (1) ਨਿਗਮ ਦੇ ਲੇਖਿਆਂ ਦਾ ਆਡਿਟ ਹਰ ਵਿੱਤੀ ਸਾਲ ਵਿੱਚ ਇੱਕ ਵਾਰ, ਕੰਪਨੀ ਐਕਟ, 1956 ਦੀ ਧਾਰਾ 226 ਦੀ ਉਪ-ਧਾਰਾ (1) ਅਧੀਨ ਆਡੀਟਰਾਂ ਵਜੋਂ ਕਾਰਜ ਕਰਨ ਵਾਲੇ ਯਥਾਯੋਗ ਕਾਬਲ ਆਡੀਟਰਾਂ ਦੁਆਰਾ ਕੀਤਾ ਜਾਵੇਗਾ, ਜਿਹਨਾਂ ਨੂੰ ਨਿਗਮ ਦੁਆਰਾ ਨਿਯੁਕਤ ਕੀਤੇ ਜਾਵੇਗਾ ਅਤੇ ਉਹ ਨਿਗਮ ਤੋਂ ਅਜਿਹਾ ਮਿਹਨਤਾਨਾ ਪ੍ਰਾਪਤ ਕਰਨਗੇ ਜੋ ਇਹ ਨਿਯਤ ਕਰੇ।

(2) ਆਡੀਟਰਾਂ ਨੂੰ ਨਿਗਮ ਦੀ ਸਾਲਾਨਾ ਸੰਤੁਲਨ ਪੱਤਰ ਅਤੇ ਲਾਭ ਅਤੇ ਹਾਨ ਲੇਖੇ ਦੀ ਇੱਕ ਨਕਲ ਸਪਲਾਈ ਕੀਤੀ ਜਾਵੇਗੀ ਅਤੇ ਇਹ ਉਨ੍ਹਾਂ ਦਾ ਕਰਤੱਵ ਹੋਵੇਗਾ ਕਿ ਉਹਨਾਂ ਨਾਲ ਸੰਬੰਧਤ ਲੇਖਿਆਂ ਅਤੇ ਵਾਊਚਰਾਂ ਸਮੇਤ ਉਹਨਾਂ ਦੀ ਪਰੀਖਿਆ ਕਰਨ, ਅਤੇ ਉਨ੍ਹਾਂ ਦੇ ਹਵਾਲੇ ਕੀਤੀਆਂ ਨਿਗਮ ਦੁਆਰਾ ਰੱਖੀਆਂ ਗਈਆਂ ਸਾਰੀਆਂ ਵਹੀਆਂ ਦੀ ਸੂਚੀ ਉਨ੍ਹਾਂ ਕੋਲ ਹੋਵੇਗੀ ਅਤੇ ਸਭ ਵਾਜਬ ਸਮਿਆਂ ਤੇ ਨਿਗਮ ਦੀਆਂ ਵਹੀਆਂ, ਲੇਖੇ ਅਤੇ ਹੋਰ ਦਸਤਾਵੇਜ਼ਾਂ ਤੱਕ ਪਹੁੰਚ ਹੋਵੇਗੀ ਅਤੇ ਨਿਗਮ ਦੇ ਕਿਸੇ ਅਧਿਕਾਰੀ ਤੋਂ ਅਜਿਹੀ ਜਾਣਕਾਰੀ ਲੋੜ ਸਕਣਗੇ ਜਿਵੇਂ ਆਡਿਟਰਾਂ ਆਪਣੇ ਕਰਤੱਵਾਂ ਨੂੰ ਆਡਿਟਰਾਂ ਵਜੋਂ ਪਾਲਣ ਕਰਨ ਲਈ ਜ਼ਰੂਰੀ ਸਮਝਣ।

(3) ਆਡਿਟਰ ਉਹਨਾਂ ਦੁਆਰਾ ਪਰੀਖਿਆ ਕੀਤੇ ਗਏ ਸਾਲਾਨਾ ਸੰਤੁਲਨ-ਪੱਤਰ ਅਤੇ ਲੇਖਿਆਂ ਤੇ ਨਿਗਮ ਨੂੰ ਇੱਕ ਰਿਪੋਟ ਦੇਣਗੇ ਅਤੇ ਅਜਿਹੀ ਹਰੇਕ ਰਿਪੋਟ ਵਿੱਚ

ਉਹ ਬਿਆਨ ਕਰਨਗੇ ਕਿ ਕੀ, ਉਨ੍ਹਾਂ ਦੀ ਰਾਏ ਵਿੱਚ, ਸੰਤੁਲਨ-ਪੱਤਰ ਮੁਕੰਮਲ ਅਤੇ ਮੁਨਾਸਬ ਸੰਤੁਲਨ ਪੱਤਰ ਹੈ ਜਿਸ ਵਿੱਚ ਸਭ ਜ਼ਰੂਰੀ ਵੇਰਵੇ ਦਰਜ ਹਨ ਅਤੇ ਉੱਚਿਤ ਤੌਰ ਤੇ ਇਸ ਤਰ੍ਹਾਂ ਤਿਆਰ ਕੀਤੇ ਗਏ ਹਨ ਕਿ ਉਹ ਨਿਗਮ ਦੇ ਕਾਰ-ਵਿਹਾਰ ਦੀ ਹਾਲਤ ਦੀ ਸਹੀ ਅਤੇ ਮੁਨਾਸਬ ਦ੍ਰਿਸ਼ਟੀ ਪਵਾਉਂਦੇ ਹਨ।

(4) ਨਿਗਮ ਉਸ ਤਰੀਕ ਤੋਂ, ਜਿਸਨੂੰ ਉਸਦੇ ਲੇਖੇ ਬੰਦ ਅਤੇ ਸੰਤੁਲਤ ਕੀਤੇ ਜਾਂਦੇ ਹਨ, ਚਾਰ ਮਹੀਨਿਆਂ ਦੇ ਅੰਦਰ ਆਪਣੇ ਸੰਤੁਲਨ-ਪੱਤਰ ਅਤੇ ਲੇਖਿਆਂ ਦੀ ਨਕਲ ਆਡਿਟਰਾਂ ਦੀ ਰਿਪੋਟ ਦੀ ਨਕਲ ਸਮੇਤ ਅਤੇ ਸੁਸੰਗਤ ਸਾਲ ਦੇ ਦੌਰਾਨ ਨਿਗਮ ਦੇ ਕੰਮ-ਕਾਜ ਦੀ ਇੱਕ ਰਿਪੋਟ ਸਰਕਾਰ ਨੂੰ ਦੇਵੇਗੀ।

(5) ਪੂਰਵਵਰਤੀ ਉਪ-ਧਾਰਾਵਾਂ ਵਿੱਚ ਦਰਜ ਕਿਸੇ ਗੱਲ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਸਰਕਾਰ, ਕਿਸੇ ਵੀ ਸਮੇਂ, ਨਿਗਮ ਦੇ ਲੇਖਿਆਂ ਦੀ ਪੜਤਾਲ ਅਤੇ ਉਸ ਤੇ ਰਿਪੋਟ ਦੇਣ ਲਈ ਕਿਸੇ ਹੋਰ ਅਥਾਰਟੀ ਨੂੰ ਨਿਯੁਕਤ ਕਰ ਸਕੇਗੀ ਅਤੇ ਅਜਿਹੀ ਪੜਤਾਲ ਅਤੇ ਰਿਪੋਟ ਦੇ ਤਲੱਕ ਵਿੱਚ ਕੀਤਾ ਗਿਆ ਕੋਈ ਖਰਚ ਨਿਗਮ ਦੁਆਰਾ ਅਜਿਹੀ ਅਥਾਰਟੀ ਨੂੰ ਅਦਾਇਗੀਯੋਗ ਹੋਵੇਗਾ।

(6) ਉਪ-ਧਾਰਾਵਾਂ (4) ਅਤੇ (5) ਵਿੱਚ ਹਵਾਲਾ ਦਿੱਤੀਆਂ ਗਈਆਂ ਰਿਪੋਟਾਂ ਦੀਆਂ ਨਕਲਾਂ, ਸਰਕਾਰ ਦੁਆਰਾ, ਜਿੰਨੀ ਛੇਤੀ ਹੋ ਸਕੇ, ਰਾਜ ਦੇ ਵਿਧਾਨ ਮੰਡਲ ਅੱਗੇ ਰੱਖੀਆਂ ਜਾਣਗੀਆਂ।

ਅਧਿਆਇ VII

ਫੁਟਕਲ

ਨਿਗਮ ਦਾ ਤੁੜਾਉ ।

24. ਇਸ ਐਕਟ ਤੋਂ ਬਿਨਾਂ, ਕੰਪਨੀਆਂ ਜਾਂ ਨਿਗਮਾਂ ਨੂੰ ਸਮਾਪਤ ਕਰਨ, ਤੁੜਾਉ ਜਾਂ ਸਮਾਪਨ ਨਾਲ ਸੰਬੰਧਤ ਕਾਨੂੰਨ ਦਾ ਕੋਈ ਉਪਬੰਧ ਨਿਗਮ ਤੇ ਲਾਗੂ ਨਹੀਂ ਹੋਵੇਗਾ।

ਕੁਝ ਕੁ ਮਾਮਲਿਆਂ ਵਿੱਚ ਡਾਇਰੈਕਟਰਾਂ ਦਾ ਭਾਗ ਨਾ ਲੈਣਾ ।

25. ਇਕ ਡਾਇਰੈਕਟਰ ਜੋ ਬੋਰਡ ਜਾਂ ਉਸਦੀ ਕਮੇਟੀ ਦੀ ਇਕੱਤਰਤਾ ਵਿਚ ਵਿਚਾਰਨ ਲਈ ਆਉਣ ਵਾਲੇ ਕਿਸੇ ਮਾਮਲੇ ਵਿਚ ਕੋਈ ਸਿੱਧਾ ਜਾਂ ਅਸਿੱਧਾ ਮਾਇਕ ਹਿੱਤ ਰੱਖਦਾ ਹੈ, ਸੁਸੰਗਤ ਹਾਲਾਤਾਂ ਦਾ ਗਿਆਨ ਹੋਣ ਪਿੱਛੋਂ, ਜਿੰਨੀ ਛੇਤੀ ਸੰਭਵ ਹੋਵੇ, ਅਜਿਹੀ ਇਕੱਤਰਤਾ ਵਿੱਚ ਆਪਣੇ ਹਿੱਤ ਦੀ ਪ੍ਰਕਿਰਤੀ ਪ੍ਰਗਟ ਕਰੇਗਾ ਅਤੇ ਪ੍ਰਗਟਾਉ ਨੂੰ ਬੋਰਡ ਜਾਂ ਕਮੇਟੀ, ਜਿਹੀ ਕਿ ਸੂਰਤ ਹੋਵੇ, ਦੀ ਇਕੱਤਰਤਾ ਦੀ ਕਾਰਵਾਈ ਰਿਪੋਟ ਵਿੱਚ ਦਰਜ ਕੀਤਾ ਜਾਵੇਗਾ,

ਅਤੇ ਡਾਇਰੈਕਟਰ ਉਸ ਮਾਮਲੇ ਦੇ ਬਾਰੇ ਬੋਰਡ ਜਾਂ ਕਮੇਟੀ ਦੀ ਕਿਸੇ ਸੋਚ ਵਿਚਾਰ ਜਾਂ ਫੈਸਲੇ ਵਿੱਚ ਕੋਈ ਹਿੱਸਾ ਨਹੀਂ ਲਵੇਗਾ।

ਅਧਿਕਾਰਤਾ ਤੇ ਰੋਕ।

26. ਇਸ ਐਕਟ ਵਿੱਚ ਸਪੱਸ਼ਟ ਤੌਰ ਤੇ ਹੋਰਵੇਂ ਉਪਬੰਧਤ ਨੂੰ ਛੱਡ ਕੇ, ਕਿਸੇ ਦੀਵਾਨੀ ਅਦਾਲਤ ਕੋਲ ਕਿਸੇ ਮਾਮਲੇ ਦੇ ਬਾਰੇ ਕੋਈ ਦਾਵਾ ਜਾਂ ਕਾਰਵਾਈ ਗ੍ਰਹਿਣ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ ਜਿਸਨੂੰ ਤੈਅ ਕਰਨ ਲਈ ਨਿਗਮ ਜਾਂ ਇਸ ਐਕਟ ਅਧੀਨ ਨਿਯੁਕਤ ਕੀਤਾ ਗਿਆ ਅਧਿਕਾਰੀ ਜਾਂ ਅਥਾਰਟੀ ਇਸ ਐਕਟ ਦੁਆਰਾ ਜਾਂ ਅਧੀਨ ਸ਼ਕਤੀ ਪ੍ਰਾਪਤ ਹੈ, ਅਤੇ ਇਸ ਐਕਟ ਦੁਆਰਾ ਜਾਂ ਅਧੀਨ ਪ੍ਰਦਾਨ ਕੀਤੀ ਕਿਸੇ ਸ਼ਕਤੀ ਦੇ ਅਨੁਸਰਣ ਵਿੱਚ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕਿਸੇ ਕਾਰਵਾਈ ਬਾਰੇ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੁਆਰਾ ਕੋਈ ਮਨਾਹੀ ਹੁਕਮ ਨਹੀਂ ਕੀਤਾ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

27. ਇਸ ਐਕਟ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣ ਚਿਤਵਤ ਕਿਸੇ ਗੱਲ ਦੁਆਰਾ ਕਾਰਤ ਹੋਏ ਜਾਂ ਕਾਰਤ ਹੋਣ ਵਾਲੇ ਸੰਭਾਵੀ ਹਾਨ ਜਾਂ ਨੁਕਸਾਨ ਲਈ ਨਿਗਮ ਜਾਂ ਕਿਸੇ ਡਾਇਰੈਕਟਰ ਜਾਂ ਕਿਸੇ ਅਧਿਕਾਰੀ ਜਾਂ ਕਰਮਚਾਰੀ ਜਾਂ ਬੋਰਡ ਦੁਆਰਾ ਇਸ ਐਕਟ ਅਧੀਨ ਕੋਈ ਕਾਜਕਾਰ ਨਿਭਾਉਣ ਲਈ ਅਖਤਿਆਰਤ ਕਿਸੇ ਹੋਰ ਵਿਅਕਤੀ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

ਡਾਇਰੈਕਟਰ ਦਾ ਬਚਾਉ।

28. (1) ਨਿਗਮ ਦੁਆਰਾ ਹਰੇਕ ਡਾਇਰੈਕਟਰ ਨੂੰ ਉਸਦੇ ਕਰਤੱਵਾਂ ਦੇ ਨਿਭਾਉਣ ਵਿੱਚ ਉਸ ਦੁਆਰਾ ਉਠਾਏ ਗਏ ਸਾਰੇ ਹਾਨਾਂ ਅਤੇ ਖਰਚਿਆਂ ਦੇ ਬਦਲੇ, ਸਿਵਾਏ ਉਨ੍ਹਾਂ ਦੇ ਜੋ ਉਸਦੀ ਜਾਣ-ਬੁੱਝ ਕੇ ਕੀਤੀ ਗਈ ਅਣਗਹਿਲੀ ਜਾਂ ਕੁਤਾਹੀ ਦੁਆਰਾ ਕਾਰਤ ਹੋਏ ਹਨ, ਨਿਸਤਾਰਤ ਰੱਖਿਆ ਜਾਵੇਗਾ।

(2) ਇੱਕ ਡਾਇਰੈਕਟਰ, ਕਿਸੇ ਹੋਰ ਡਾਇਰੈਕਟਰ ਲਈ, ਜਾਂ ਨਿਗਮ ਦੇ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਲਈ ਜਾਂ ਨਿਗਮ ਨੂੰ ਹੋਣ ਵਾਲੇ ਅਜਿਹੇ ਹਾਨ ਜਾਂ ਖਰਚਿਆਂ ਲਈ ਜੋ ਨਿਗਮ ਦੇ ਨਮਿੱਤ ਨੇਕ-ਨੀਤੀ ਨਾਲ ਅਰਜਤ ਕੀਤੀ ਜਾਂ ਲਈ ਗਈ ਕਿਸੇ ਸੰਪੱਤੀ ਜਾਂ ਸੀਕਿਉਰਿਟੀ ਦੇ ਮੁੱਲ ਜਾਂ ਉਸਦੇ ਪ੍ਰਤੀ ਹੱਕ ਦੇ ਨਾਕਾਫ਼ੀ ਹੋਣ ਜਾਂ ਉਣਤਾਈ ਜਾਂ ਕਿਸੇ ਰਿਣੀ ਜਾਂ ਨਿਗਮ ਦੇ ਪ੍ਰਤਿ ਬਾਂਧ ਅਧੀਨ ਕਿਸੇ ਵਿਅਕਤੀ ਦੇ ਦਿਵਾਲੇ ਜਾਂ ਦੇਸ਼ਪੂਰਨ ਕਾਰਜ ਦੁਆਰਾ, ਜਾਂ ਉਸਦੇ ਅਹੁਦੇ ਦੇ ਜਾਂ ਅਹੁਦੇ ਦੇ ਸੰਬੰਧ ਵਿੱਚ ਕਰਤੱਵਾਂ

ਦੀ ਤਕਮੀਲ ਵਿੱਚ ਨੇਕਨੀਤੀ ਨਾਲ ਕੀਤੀ ਗਈ ਕਿਸੇ ਗੱਲ ਦੁਆਰਾ ਹੋਏ ਹੋਣ, ਜ਼ਿੰਮੇਵਾਰ ਨਹੀਂ ਹੋਵੇਗਾ।

ਰਜਿਸਟਰੀਕਰਣ ਫ਼ੀਸ ਅਤੇ ਸਟੈਂਪ ਮਸੂਲ ਤੋਂ ਛੋਟ।

29. ਇਸ ਐਕਟ ਅਧੀਨ ਆਪਣੇ ਕਾਜਕਾਰਾਂ ਨੂੰ ਨਿਭਾਉਣ ਦੇ ਅਨੁਕ੍ਰਮ ਵਿਚ ਨਿਗਮ ਦੁਆਰਾ ਜਾਂ ਉਸਦੇ ਨਮਿੱਤ ਤਕਮੀਲ ਕੀਤੇ ਸਾਰੇ ਦਸਤਾਵੇਜਾਂ ਨੂੰ ਅਸ਼ਟਾਮ ਮਸੂਲ ਅਤੇ ਰਜਿਟਰੀਕਰਣ ਫ਼ੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ:

ਪਰੰਤੂ ਅਸ਼ਟਾਮ ਮਸੂਲ ਦੀ ਅਦਾਇਗੀ ਤੋਂ ਛੋਟ ਉਹਨਾਂ ਦਸਤਾਵੇਜਾਂ ਤੇ ਲਾਗੂ ਹੋਵੇਗੀ ਜਿਨ੍ਹਾਂ ਦੀ ਅਸ਼ਟਾਮ ਮਸੂਲ ਦੀਆਂ ਦਰਾਂ ਦੇ ਸਬੰਧ ਵਿੱਚ ਰਾਜ ਵਿਧਾਨ ਮੰਡਲ ਕਾਨੂੰਨ ਬਣਾਉਣ ਲਈ ਸ਼ਕਤਵਾਨ ਹੈ।

ਰਾਜ ਸਰਕਾਰ ਦੀ ਨਿਰਦੇਸ਼ ਦੇਣ ਦੀ ਸ਼ਕਤੀ।

30. ਨਿਗਮ ਇਸ ਐਕਟ ਦੇ ਕਾਰਜ-ਕੁਸ਼ਲ ਪ੍ਰਸ਼ਾਸ਼ਨ ਲਈ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਜੋ, ਸਰਕਾਰ ਦੁਆਰਾ, ਸਮੇਂ-ਸਮੇਂ ਤੇ, ਇਸ ਨੂੰ ਜਾਰੀ ਕੀਤੇ ਜਾਣ।

ਵਿਨਿਯਮ ਬਣਾਉਣ ਦੀ ਸ਼ਕਤੀ।

31. (1) ਨਿਗਮ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਉਨ੍ਹਾਂ ਸਾਰੇ ਮਾਮਲਿਆਂ ਲਈ ਉਪਬੰਧ ਕਰਨ ਲਈ, ਜਿਨ੍ਹਾਂ ਲਈ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਉਪਬੰਧ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੋਵੇ, ਇਸ ਐਕਟ ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਨਾਲ ਅਸੰਗਤ ਨਾ ਹੋਣ ਵਾਲੇ ਵਿਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ —

(ੳ) ਉਹ ਕਰਤੱਵ ਜੋ ਚੇਅਰਮੈਨ, ਵਾਈਸ-ਚੇਅਰਮੈਨ ਅਤੇ ਪ੍ਰਬੰਧ ਡਾਇਰੈਕਟਰ ਨਿਭਾਏਗਾ;

(ਅ) ਬੋਰਡ ਅਤੇ ਇਸ ਦੁਆਰਾ ਨਿਯੁਕਤ ਕੀਤੀਆਂ ਕਮੇਟੀਆਂ ਦੀਆਂ ਇੱਕਤਰਤਾਵਾਂ ਦਾ ਸਮਾਂ ਅਤੇ ਥਾਵਾਂ ਅਤੇ ਅਜਿਹੀਆਂ ਇੱਕਤਰਤਾਵਾਂ ਦੇ ਸੰਬੰਧ ਵਿਚ ਅਪਣਾਇਆ ਜਾਣ ਵਾਲਾ ਜ਼ਾਬਤਾ;

(ਏ) ਉਹ ਸ਼ਰਤਾਂ ਜੋ ਨਿਗਮ ਦੁਆਰਾ ਕਰਜ਼ੇ ਦੇਣ ਸਮੇਂ ਅਰੋਪੀਆਂ ਜਾ ਸਕਦੀਆਂ ਹਨ ਜਾਂ ਹੋਰ ਇੰਤਜ਼ਾਮ ਕਰਨ ਸਮੇਂ ਅਪਣਾਇਆ ਜਾਣ ਵਾਲਾ ਜ਼ਾਬਤਾ;

(ਸ) ਨਿਗਮ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੇ ਕਰਤੱਵ ਅਤੇ ਆਚਰਨ;

(ਹ) ਨਿਗਮ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਲਈ ਪ੍ਰਾਵੀਡੈਂਟ ਫੰਡ ਅਤੇ ਹੋਰ ਲਾਭ ਫ਼ੰਡਾਂ ਦੀ ਸਥਾਪਨਾ ਅਤੇ ਰੱਖ-ਰਖਾਅ; ਅਤੇ

(ਕ) ਆਮ ਕਰਕੇ, ਨਿਗਮ ਦੇ ਕਾਰ-ਵਿਹਾਰ ਦਾ ਕਾਰਜ ਕੁਸ਼ਲਤਾ ਨਾਲ ਸੰਚਾਲਣ।

(3) ਇਸ ਐਕਟ ਦੇ ਅਧੀਨ ਬਣਾਏ ਗਏ ਵਿਨਿਯਮ ਉਦੋਂ ਤੱਕ ਪ੍ਰਭਾਵੀ ਨਹੀਂ ਹੋਣਗੇ ਜਦੋਂ ਤੱਕ ਉਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਨਹੀਂ ਹੋ ਜਾਂਦੇ।

ਨਿਯਮ ਬਣਾਉਣ ਦੀ ਸ਼ਕਤੀ ।

32. (1) ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਸਾਰੇ ਜਾਂ ਕਿਸੇ ਵੀ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਚੇਅਰਮੈਨ, ਵਾਈਸ-ਚੇਅਰਮੈਨ ਅਤੇ ਪ੍ਰਬੰਧ ਡਾਇਰੈਕਟਰ ਦੀ ਤਨਖਾਹ ਅਤੇ ਭੱਤਿਆਂ ਸਮੇਤ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ;

(ਅ) ਧਾਰਾ 7 ਦੀ ਉਪ-ਧਾਰਾ (1) ਦੇ ਖੰਡ (ਹ) ਵਿੱਚ ਹਵਾਲਾ ਦਿੱਤੇ ਗਏ ਡਾਇਰੈਕਟਰਾਂ ਦੀ ਤਨਖਾਹ ਅਤੇ ਭੱਤਿਆਂ ਸਮੇਤ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ;

(ਏ) ਉਹ ਹਾਲਾਤ ਜਿਨ੍ਹਾਂ ਦੇ ਅਧੀਨ ਚੇਅਰਮੈਨ ਜਾਂ ਵਾਈਸ-ਚੇਅਰਮੈਨ ਜਾਂ ਪ੍ਰਬੰਧ ਡਾਇਰੈਕਟਰ ਜਾਂ ਧਾਰਾ 7 ਦੀ ਉਪ-ਧਾਰਾ

(1) ਦੇ ਖੰਡ (ਹ) ਵਿੱਚ ਹਵਾਲਾ ਦਿੱਤੇ ਗਏ ਡਾਇਰੈਕਟਰ ਨੂੰ ਉਸਦੇ ਅਹੁਦੇ ਦੀ ਅਉਧ ਦੇ ਦੌਰਾਨ ਹਟਾਇਆ ਜਾ ਸਕੇਗਾ;

(ਸ) ਹੋਰ ਕਾਜਕਾਰ ਜੋ ਨਿਗਮ ਧਾਰਾ 15 ਦੀ ਉਪ-ਧਾਰਾ (2) ਵਿੱਚ ਜ਼ਿਕਰ ਕੀਤੇ ਕਾਜਕਾਰਾਂ ਤੋਂ ਇਲਾਵਾ ਨਿਭਾ ਸਕੇਗਾ;

(ਹ) ਉਹ ਰੂਪ ਜਿਸ ਵਿੱਚ ਪ੍ਰਬੰਧ ਡਾਇਰੈਕਟਰ ਦੁਆਰਾ ਪ੍ਰਮਾਣ-ਪੱਤਰ ਦਿੱਤਾ ਜਾਵੇਗਾ ਅਤੇ ਜ਼ਾਬਤਾ ਜੋ ਰਕਮ ਤੈਅ ਕਰਨ ਲਈ ਅਪਣਾਇਆ ਜਾਵੇਗਾ;

(ਕ) ਧਾਰਾ 21 ਅਧੀਨ ਚਾਰਜ ਦੀ ਅਗੇਤਕ੍ਰਮ ਦੇ ਪ੍ਰਯੋਜਨਾਂ ਲਈ ਵਿੱਤੀ ਸੰਸਥਾਵਾਂ;

(ਖ) ਉਹ ਰੂਪ ਅਤੇ ਤਰੀਕਾ ਜਿਸ ਵਿੱਚ ਲੇਖੇ ਰੱਖੇ ਜਾਣਗੇ ਅਤੇ ਸੰਤੁਲਨ ਪੱਤਰ ਅਤੇ ਲਾਭ ਅਤੇ ਹਾਨ ਲੇਖਾ ਤਿਆਰ ਕੀਤਾ ਜਾਵੇਗਾ; ਅਤੇ

(ਗ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਣਾ ਲੋੜੀਂਦਾ ਹੈ ਜਾਂ ਜੋ ਮੁਕੱਰਰ ਕੀਤਾ ਜਾਵੇ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁਦੱਤ ਲਈ ਇਜਲਾਸ ਵਿਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ, ਜੇ ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ, ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨਿਰਸਨ ਅਤੇ ਬਚਾਉ ।

33. (1) ਪੰਜਾਬ ਸਾਬਕਾ ਫੌਜੀ ਨਿਗਮ ਆਰਡੀਨੈਂਸ, 1978 (1978 ਦਾ ਪੰਜਾਬ ਆਰਡੀਨੈਂਸ ਨੰ:15) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਇਸ ਤਰ੍ਹਾਂ ਨਿਰਸਤ ਕੀਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੋਈ ਕਾਰਵਾਈ, ਇਸ ਐਕਟ ਦੇ ਤੱਤ-ਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ, ਵਿਭਾਗ।

ਡਿਸਕਲੇਮਰ:– ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

3786/7-2026/Pb. Govt. Press, S.A.S. Nagar

ਭਾਗ–1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 29 ਜੁਲਾਈ, 2026

ਨੰ.57/ਭ:ਕ/2026.– ਪੰਜਾਬ ਪਸ਼ੂ ਰਜਿਸਟਰੀਕਰਨ ਐਕਟ, 2006 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 29th July, 2026

No.57/L.C./2026.- The Translation in Punjabi of the Punjab Herd Registration Act, 2006 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਪਸ਼ੂ ਰਜਿਸਟਰੀਕਰਨ ਐਕਟ, 2006

(2006 ਦਾ ਪੰਜਾਬ ਐਕਟ ਨੰ. 33)

ਡੇਰੀ ਪਸ਼ੂਆਂ ਨੂੰ ਪਾਲਣ ਅਤੇ ਖਰੀਦਣ ਵਾਲੇ ਵਿਅਕਤੀਆਂ ਦੇ ਹਿੱਤਾਂ ਦੀ ਹਿਫ਼ਾਜਤ ਕਰਨ ਦੀ ਦ੍ਰਿਸ਼ਟੀ ਨਾਲ ਡੇਰੀ ਪਸ਼ੂਆਂ ਨੂੰ ਰਜਿਸਟਰ ਅਤੇ ਪਛਾਣ ਕਰਕੇ ਡੇਰੀ ਪਸ਼ੂਆਂ ਦੀ ਨਸਲ ਸੁਧਾਰ ਲਈ ਅਤੇ ਬੰਸਾਵਲੀ ਅਤੇ ਉਤਪਾਦਨ ਦਾ ਭਰੋਸੇਯੋਗ ਡੇਟਾਬੇਸ ਸਿਰਜਣ ਅਤੇ ਬਣਾਈ ਰੱਖਣ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਪਸ਼ੂ ਰਜਿਸਟਰੀਕਰਨ ਐਕਟ, 2006 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ ।

(ੳ) "ਅਥਾਰਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਪੰਜਾਬ ਪਸ਼ੂ ਰਜਿਸਟਰੀਕਰਨ ਅਥਾਰਟੀ;

(ਅ) "ਨਸਲ" ਦਾ ਮਤਲਬ ਹੈ ਸਾਂਝੇ ਵਡੇਰਿਆਂ ਤੋਂ ਜਨਮੇ ਪਸ਼ੂਆਂ ਦੀ ਇੱਕ ਪਸ਼ੂ-ਨਸਲ ਅਤੇ ਜਿਸ ਵਿੱਚ ਹੇਠ-ਲਿਖੀਆਂ ਸਾਂਝੀਆਂ ਵਿਸ਼ੇਸ਼ਤਾਵਾਂ ਹਨ, ਅਰਥਾਤ:–

(i) 'ਸ਼ੁੱਧ' : ਅਣ-ਮਿਸ਼ਰਿਤ ਬੰਸ ਦੀਆਂ ਪੀੜ੍ਹੀਆਂ ਰਾਹੀਂ ਕਾਇਮ ਰੱਖੀਆਂ ਪ੍ਰਕਿਰਤੀਆਂ ਵਾਲੀ ਇੱਕ ਨਸਲ ਜੋ ਅਥਾਰਟੀ ਦੁਆਰਾ ਮਾਨਤਾ ਪ੍ਰਾਪਤ ਹੋਵੇ;

(ii) 'ਨਿਆਰਾ' : ਨਿਆਰੀਆਂ ਵਿਸ਼ੇਸ਼ਤਾਵਾਂ ਵਾਲੀ ਇੱਕ ਵੱਖਰੀ ਨਸਲ ਜੋ ਅਥਾਰਟੀ ਦੁਆਰਾ ਮਾਨਤਾ ਪ੍ਰਾਪਤ ਹੋਵੇ; ਅਤੇ

(iii) 'ਵਿਕਾਸ' : ਇੱਕ ਨਵੀਂ ਨਸਲ ਵਿੱਚ ਵਿਕਸਤ ਹੋਣ ਦੀ ਪ੍ਰਕਿਰਿਆ ਵਿੱਚ ਡੇਰੀ ਪਸ਼ੂਆਂ ਦਾ ਇੱਕ ਸਮੂਹ;

(ਏ) "ਡੇਰੀ ਪਸ਼ੂ" ਦਾ ਮਤਲਬ ਹੈ ਇੱਕ ਗਊ ਜਾਂ ਮੱਝ, ਜਿਸ ਵਿੱਚ ਉਸਦੀ ਔਲਾਦ ਸ਼ਾਮਲ ਹੈ;

(ਸ) "ਭਰੂਣ" ਦਾ ਮਤਲਬ ਹੈ ਇੱਕ ਗਊ ਜਾਂ ਮੱਝ ਦਾ ਭਰੂਣ;

(ਹ) "ਭਰੂਣ ਸਰਟੀਫਿਕੇਟ" ਦਾ ਮਤਲਬ ਹੈ ਇੱਕ ਤੱਥ ਪ੍ਰਮਾਣਤ ਕਰਦਾ ਦਸਤਾਵੇਜ਼ ਕਿ ਭਰੂਣ ਇੱਕ ਖਾਸ ਨਸਲ ਅਤੇ ਵਲਦੀਅਤ ਦਾ ਹੈ;

(ਕ) "ਪਸ਼ੂ-ਨਸਲ ਆਧਾਰ" ਦਾ ਮਤਲਬ ਹੈ ਅਜਿਹੇ ਡੇਰੀ ਪਸ਼ੂ, ਜਿਨ੍ਹਾਂ ਨੂੰ ਅਥਾਰਟੀ ਦੁਆਰਾ ਨਸਲ ਦੀ ਮੂਲ ਪਸ਼ੂ-ਨਸਲ ਹੋਣ ਵਜੋਂ ਮਾਨਤਾ ਪ੍ਰਾਪਤ ਹੋਵੇ;

(ਖ) "ਫ਼ੰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 13 ਦੀ ਉਪ-ਧਾਰਾ (1) ਅਧੀਨ ਅਥਾਰਟੀ ਦੁਆਰਾ ਸਥਾਪਿਤ ਅਤੇ ਸੰਭਾਲਿਆ ਜਾਂਦਾ ਫ਼ੰਡ;

(ਗ) "ਪਛਾਣ" ਦਾ ਮਤਲਬ ਹੈ ਕਿਸੇ ਪਸ਼ੂ ਨੂੰ ਨਿਸ਼ਾਨ ਲਗਾਉਣ ਜਾਂ ਟੈਗ ਲਗਾਉਣ ਦੁਆਰਾ ਵੱਖਰਾ ਕਰਨ ਦਾ ਕਾਰਜ;

(ਘ) "ਬੰਸਾਵਲੀ" ਦਾ ਮਤਲਬ ਹੈ ਪਸ਼ੂ ਦੇ ਵਡੇਰੇ ਦੀ ਜੱਦੀ ਲਾਈਨ ਨੂੰ ਦਰਸਾਉਂਦੀ ਬੰਸਾਵਲੀ ਸੰਬੰਧੀ ਜਾਣਕਾਰੀ;

(ਙ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਚ) "ਰਜਿਸਟਰੀਕਰਨ" ਦਾ ਮਤਲਬ ਹੈ ਇਸ ਗੱਲ ਦੀ ਮਾਨਤਾ ਦਾ ਇੱਕ ਕਾਰਜ ਕਿ ਇੱਕ ਡੇਰੀ ਪਸ਼ੂ ਇੱਕ ਖ਼ਾਸ ਨਸਲ ਦਾ ਹੈ, ਜੋ ਇੱਕ ਖ਼ਾਸ ਪੱਧਰ ਦੇ ਮਿਆਰਾਂ ਦੇ ਅਨੁਰੂਪ ਹੈ;

(ਛ) "ਰਜਿਸਟਰੀਕਰਨ ਸਰਟੀਫਿਕੇਟ" ਦਾ ਮਤਲਬ ਹੈ ਇਸ ਐਕਟ ਅਧੀਨ ਅਥਾਰਟੀ ਦੁਆਰਾ ਜਾਰੀ ਕੀਤਾ ਗਿਆ ਰਜਿਸਟਰੀਕਰਨ ਸਰਟੀਫਿਕੇਟ;

(ਜ) "ਵਿਨਿਯਮਾਂ" ਦਾ ਮਤਲਬ ਹੈ ਇਸ ਐਕਟ ਅਧੀਨ ਅਥਾਰਟੀ ਦੁਆਰਾ ਬਣਾਏ ਗਏ ਵਿਨਿਯਮ;

(ਝ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਇੱਕ ਧਾਰਾ;

(ਞ) "ਵੀਰਜ" ਦਾ ਮਤਲਬ ਹੈ ਗਊ-ਸਾਨ੍ਹ ਜਾਂ ਮੱਝ-ਝੋਟਾ ਦਾ ਵੀਰਜ;

(ਟ) "ਵੀਰਜ ਸਰਟੀਫਿਕੇਟ" ਦਾ ਮਤਲਬ ਹੈ ਇਸ ਤੱਥ ਨੂੰ ਪ੍ਰਮਾਣਿਤ ਕਰਦਾ ਇੱਕ ਦਸਤਾਵੇਜ਼ ਕਿ ਵੀਰਜ ਇੱਕ ਖ਼ਾਸ ਗਊ-ਸਾਨ੍ਹ ਜਾਂ ਮੱਝ-ਝੋਟਾ, ਨਸਲ ਅਤੇ ਵਲਦੀਅਤ ਦਾ ਹੈ; ਅਤੇ

(ਠ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ।

ਅਥਾਰਟੀ ਦੀ ਸਥਾਪਨਾ ।

3. (1) ਇਸ ਐਕਟ ਦੇ ਅਰੰਭ ਹੋਣ ਤੋਂ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਲਈ, ਪੰਜਾਬ ਪਸ਼ੂ ਰਜਿਸਟਰੀਕਰਨ ਅਥਾਰਟੀ ਵਜੋਂ ਜਾਣੀ ਜਾਣ ਵਾਲੀ ਇੱਕ ਅਥਾਰਟੀ ਸਥਾਪਤ ਕਰੇਗੀ।

(2) ਉਪ-ਧਾਰਾ (1) ਅਧੀਨ ਸਥਾਪਤ ਕੀਤੀ ਗਈ ਅਥਾਰਟੀ, ਇੱਕ ਨਿਗਮਤ ਬੌਡੀ ਹੋਵੇਗੀ ਜਿਸ ਦਾ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ ਜਿਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀ ਸੰਪੱਤੀ ਅਰਜਤ ਕਰਨ, ਧਾਰਨ ਕਰਨ ਅਤੇ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸਤੇ ਦਾਵਾ ਕੀਤਾ ਜਾ ਸਕੇਗਾ।

(3) ਉਪ-ਧਾਰਾ (1) ਅਧੀਨ ਸਥਾਪਤ ਕੀਤੀ ਗਈ ਅਥਾਰਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:–

(ੳ)	ਸਕੱਤਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਰੀ ਵਿਕਾਸ ਵਿਭਾਗ;	: ਰਜਿਸਟਰਾਰ ਜਨਰਲ
(ਅ)	ਵਾਈਸ-ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ;	: ਮੈਂਬਰ
(ੲ)	ਡਾਇਰੈਕਟਰ, ਪਸ਼ੂ ਪਾਲਣ, ਪੰਜਾਬ;	: ਮੈਂਬਰ
(ਸ)	ਡਾਇਰੈਕਟਰ, ਡੇਰੀ ਵਿਕਾਸ, ਪੰਜਾਬ; ਅਤੇ	: ਮੈਂਬਰ
(ਹ)	ਭਾਰਤ ਸਰਕਾਰ, ਖੇਤੀਬਾੜੀ ਮੰਤਰਾਲਾ, ਪਸ਼ੂ ਪਾਲਣ ਅਤੇ ਡੇਰੀ ਵਿਭਾਗ ਦਾ ਇੱਕ ਪ੍ਰਤੀਨਿਧੀ।	: ਮੈਂਬਰ

(4) ਰਜਿਸਟਰਾਰ ਜਨਰਲ, ਅਥਾਰਟੀ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਇਸ ਦਾ ਮੁੱਖ ਕਾਰਜਕਾਰੀ ਹੋਵੇਗਾ।

(5) ਅਥਾਰਟੀ ਦਾ ਕੰਮ ਰਾਜ ਸਰਕਾਰ ਜਾਂ ਸਰਕਾਰੀ ਖੇਤਰ ਦੇ ਉਪਕ੍ਰਮਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਰਾਹੀਂ ਜਾਂ ਅਥਾਰਟੀ ਦੁਆਰਾ ਠੇਕੇ ਦੇ ਆਧਾਰ 'ਤੇ ਵਿਅਕਤੀ ਨਿਯੁਕਤ ਕਰਕੇ ਕਰਵਾਇਆ ਜਾਵੇਗਾ।

(6) ਅਥਾਰਟੀ, ਰਜਿਸਟਰੀਕਰਨ ਦਾ ਕੰਮ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਜਿਵੇਂ ਇਹ ਵਿਨਿਯਮਾਂ ਦੁਆਰਾ ਉਲਿਖਤ ਕਰੇ, ਪਸ਼ੂ ਰਜਿਸਟਰੀਕਰਨ ਨਾਲ ਸਹਿਯੁਕਤ ਕਿਸੇ ਹੋਰ ਏਜੰਸੀ ਜਾਂ ਸੰਗਠਨ ਤੋਂ ਵੀ ਕਰਵਾ ਸਕਦੀ ਹੈ।

ਅਥਾਰਟੀ ਦਾ ਮੁੱਖ ਦਫ਼ਤਰ।

4. ਅਥਾਰਟੀ ਦਾ ਮੁੱਖ ਦਫ਼ਤਰ, ਚੰਡੀਗੜ੍ਹ ਵਿਖੇ ਜਾਂ ਅਜਿਹੀਆਂ ਥਾਵਾਂ ਤੇ ਹੋਵੇਗਾ ਜਿਵੇਂ ਰਾਜ ਸਰਕਾਰ ਉਲਿਖਤ ਕਰੇ।

ਅਥਾਰਟੀ ਦੀਆਂ ਇਕੱਤਰਤਾਵਾਂ।

5. ਅਥਾਰਟੀ ਅਜਿਹੇ ਸਮੇ ਅਤੇ ਥਾਂ 'ਤੇ ਇਕੱਤਰਤਾ ਕਰੇਗੀ, ਜਿਵੇਂ ਰਜਿਸਟਰਾਰ ਜਨਰਲ, ਨਿਰਧਾਰਤ ਕਰੇ ਅਤੇ ਅਜਿਹੀਆਂ ਇਕੱਤਰਤਾਵਾਂ ਵਿੱਚ ਆਪਣੇ ਕਾਰੋਬਾਰ ਦੇ ਸੰਚਾਲਣ ਦੇ ਬਾਬਤ ਅਜਿਹੇ ਜਾਬਤੇ ਦੀ ਪਾਲਣਾ ਕਰੇਗੀ, ਜਿਵੇਂ ਇਸ ਦੁਆਰਾ ਵਿਨਿਯਮਾਂ ਵਿੱਚ ਨਿਯਤ ਕੀਤਾ ਜਾਵੇ।

ਅਥਾਰਟੀ ਦੇ ਕਾਜਕਾਰ।

6. (1) ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਤਾਬੇ, ਅਥਾਰਟੀ ਦਾ ਮੁੱਖ-ਕਾਜਕਾਰ ਹਰੇਕ ਡੇਰੀ ਪਸ਼ੂ ਦਾ ਰਜਿਸਟਰੀਕਰਨ, ਪਛਾਣ ਕਰਨਾ ਅਤੇ ਬੰਸਾਵਲੀ ਅਤੇ ਉਤਪਾਦਨ ਦਾ ਭਰੋਸੇਯੋਗ ਡੇਟਾ-ਬੇਸ ਸਿਰਜਣਾ ਅਤੇ ਬਣਾਈ ਰੱਖਣਾ ਹੋਵੇਗਾ।

(2) ਖ਼ਾਸ ਤੌਰ 'ਤੇ ਅਤੇ ਪੂਰਵਗਾਮੀ ਉਪਬੰਧਾਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਥਾਰਟੀ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:–

(ੳ) ਪਸ਼ੂ ਰਜਿਸਟਰੀਕਰਨ ਪ੍ਰੋਗਰਾਮਾਂ ਦਾ ਪਰਿਪਾਲਣ ਕਰਨ ਲਈ ਇੱਕ ਵੇਰਵੇ ਸਹਿਤ ਯੋਜਨਾ ਬਣਾਉਣਾ;

(ਅ) ਸਾਰੇ ਡੇਰੀ ਪਸ਼ੂਆਂ ਨੂੰ ਰਜਿਸਟਰ ਕਰਨਾ;

(ੲ) ਹਰੇਕ ਰਜਿਸਟਰਸ਼ੁਦਾ ਪਸ਼ੂ 'ਤੇ ਪਛਾਣ ਚਿੰਨ੍ਹ ਲਗਾਉਣਾ;

(ਸ) ਹਰੇਕ ਡੇਰੀ ਪਸ਼ੂ ਦੇ ਸਰੀਰਕ ਗੁਣਾਂ, ਨਸਲ ਅਨੁਕੂਲਤਾ, ਬੰਸਾਵਲੀ, ਪ੍ਰਦਰਸ਼ਨ, ਸਿਹਤ ਸਥਿਤੀ, ਖੁਰਾਕ ਅਤੇ ਫਾਰਮ ਪ੍ਰਬੰਧਨ ਸਥਿਤੀ ਦਾ ਲੇਖਾ ਰੱਖਣਾ;

(ਹ) ਡੇਰੀ ਪਸ਼ੂਆਂ ਦੀ ਮਾਲਕੀ ਵਿੱਚ ਤਬਦੀਲੀ ਅਤੇ ਭੂਗੋਲਿਕ ਗਤੀਵਿਧੀ ਦਾ ਲੇਖਾ ਰੱਖਣਾ;

(ਕ) ਉਚੇਰੀ ਜਣਨਕ ਗੁਣਾਂ ਵਾਲੇ ਗਊ-ਸਾਨ੍ਹ ਅਤੇ ਮੱਝ-ਝੋਟੇ ਦੀ ਪਛਾਣ ਕਰਨਾ ਅਤੇ ਉਹਨਾਂ ਨੂੰ ਪ੍ਰਜਨਨ ਪ੍ਰੋਗਰਾਮਾਂ ਵਿੱਚ ਵਰਤਣਾ; ਅਤੇ

(ਖ) ਅਜਿਹੇ ਰੂਪ ਵਿੱਚ ਅਤੇ ਅਜਿਹੇ ਵੇਰਵਿਆਂ ਵਾਲੇ ਵੀਰਜ ਸਰਟੀਫਿਕੇਟ ਜਾਂ ਭਰੂਣ ਸਰਟੀਫਿਕੇਟ ਜਾਰੀ ਕਰਨਾ, ਜਿਵੇਂ ਵਿਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ।

ਅਥਾਰਟੀ ਦੀਆਂ ਸ਼ਕਤੀਆਂ।

7. (1) ਇਸ ਐਕਟ ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਤਾਬੇ, ਅਥਾਰਟੀ ਦੀ ਡੇਰੀ ਪਸ਼ੂਆਂ ਦੀਆਂ ਸਾਰੀਆਂ ਨਸਲਾਂ ਦੇ ਬਾਰੇ ਵਿੱਚ ਪੂਰੇ ਪੰਜਾਬ ਰਾਜ ਵਿੱਚ ਅਧਿਕਾਰਤਾ ਹੋਵੇਗੀ।

(2) ਖ਼ਾਸ ਤੌਰ 'ਤੇ ਅਤੇ ਪੂਰਵਗਾਮੀ ਉਪਬੰਧਾਂ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਥਾਰਟੀ ਕੋਲ ਹੇਠ-ਲਿਖੀਆਂ ਸ਼ਕਤੀਆਂ ਹੋਣਗੀਆਂ, ਅਰਥਾਤ:–

(ੳ) ਪੰਜਾਬ ਰਾਜ ਵਿੱਚ ਹਰੇਕ ਡੇਰੀ ਫਾਰਮ ਦੇ ਇਹਾਤੇ ਵਿੱਚ ਦਾਖਲ਼ ਹੋ ਕੇ ਉੱਥੇ ਮੌਜੂਦ ਡੇਰੀ ਪਸ਼ੂਆਂ ਦੀ ਪਰਖ ਕਰਨਾ;

ਪਰੰਤੂ, ਜੇਕਰ ਡੇਰੀ ਫਾਰਮ ਦਾ ਇਹਾਤਾ ਇੱਕ ਰਿਹਾਇਸ਼ੀ ਘਰ ਹੈ, ਤਾਂ ਪ੍ਰਵੇਸ਼ ਸਿਰਫ਼ ਡੇਰੀ ਮਾਲਕ ਦੀ ਸਹਿਮਤੀ ਨਾਲ਼ ਪੰਚਾਇਤ ਜਾਂ ਪੰਚਾਇਤ ਸੰਮਤੀ ਜਾਂ ਨਗਰਪਾਲਕ ਨਿਗਮ ਜਾਂ ਨਗਰਪਾਲਕ ਕਮੇਟੀ ਜਾਂ ਨਗਰ ਪੰਚਾਇਤ, ਜਿਹੀ ਕਿ ਸੂਰਤ ਹੋਵੇ, ਦੇ ਮੈਂਬਰ ਨੂੰ ਨਾਲ਼ ਲੈ ਕੇ ਕੀਤਾ ਜਾਣਾ ਚਾਹੀਦਾ ਹੈ;

(ਅ) ਹਰੇਕ ਡੇਰੀ ਪਸ਼ੂ ਬਾਰੇ ਉਸਦੇ ਮਾਲਕ ਦੁਆਰਾ ਰੱਖਿਆ ਗਿਆ ਤੱਥ-ਆਤਮਕ ਡੇਟਾ ਸੁਰੱਖਿਅਤ ਕਰਨਾ;

(ੲ) ਆਪਣੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਅਰਜਤ ਕਰਨਾ, ਧਾਰਨ ਕਰਨਾ ਜਾਂ ਨਿਪਟਾਉਣਾ;

(ਸ) ਆਪਣੇ ਕਾਰ-ਵਿਹਾਰਾਂ ਨੂੰ ਚਲਾਉਣ ਲਈ ਜ਼ਰੂਰੀ ਧਨ ਉਧਾਰ ਲੈਣਾ ਜਾਂ ਪਰੋਨੋਟਾਂ, ਵਟਾਂਦਰਾ ਬਿੱਲਾਂ ਅਤੇ ਵਿਕਾ-ਯੋਗ ਲਿਖਤਾਂ ਨੂੰ ਕਢਵਾਉਣਾ, ਸਵੀਕਾਰ ਕਰਨਾ, ਪੁਸ਼ਟੀ ਕਰਨਾ, ਤਕਮੀਲ ਕਰਨਾ;

(ਹ) ਆਪਣੀ ਬਾਂਧ ਨੂੰ ਸੁਰੱਖਿਅਤ ਕਰਨ ਲਈ ਆਪਣੀ ਕਿਸੇ ਵੀ ਸੰਪੱਤੀ ਨੂੰ ਰਹਿਣ ਜਾਂ ਗਹਿਣੇ ਰੱਖਣਾ ਜਾਂ ਕੋਈ ਸਕਿਉਰਿਟੀ ਜਾਂ ਹਿੱਤ ਸਿਰਜਣਾ;

(ਕ) ਆਪਣੇ ਪ੍ਰਯੋਜਨਾਂ ਨੂੰ ਅੱਗੇ ਵਧਾਉਣ ਲਈ ਆਪਣੇ ਫ਼ੰਡਾਂ ਦੀ ਵਰਤੋਂ ਕਰਨਾ;

(ਖ) ਹਰੇਕ ਨਸਲ ਦੇ ਡੇਰੀ ਪਸ਼ੂਆਂ ਦੇ ਬਾਰੇ ਵਿੱਚ ਵੀਰਜ ਅਤੇ ਭਰੂਣਾਂ ਦੇ ਰਿਕਾਰਡ ਰੱਖਣਾ ਕਾਰਤ ਕਰਨਾ; ਅਤੇ

(ਗ) ਵਿਨਿਯਮਾਂ ਦੀ ਅਨੁਸਾਰਤਾ ਵਿੱਚ ਨਵੀਂ ਵਿਕਸਤ ਨਸਲ ਨੂੰ ਮਾਨਤਾ ਦੇਣਾ।

ਸਲਾਹਕਾਰ ਕਮੇਟੀ ਦੀ ਸਥਾਪਨਾ।

8. (1) ਅਥਾਰਟੀ, ਆਪਣੇ ਕਾਜਕਾਰਾਂ ਨੂੰ ਨਿਭਾਉਣ ਲਈ ਸਹਾਇਤਾ ਅਤੇ ਸਲਾਹ ਦੇਣ ਲਈ ਵੱਧ ਤੋਂ ਵੱਧ ਸੱਤ ਮੈਂਬਰਾਂ ਤੋਂ ਮਿਲਕੇ ਬਣੀ ਮਾਹਿਰਾਂ ਦੀ ਇੱਕ ਸਲਾਹਕਾਰ ਕਮੇਟੀ ਸਥਾਪਤ

ਕਰ ਸਕਦੀ ਹੈ। ਸਲਾਹਕਾਰ ਕਮੇਟੀ ਦੇ ਮੈਂਬਰ, ਰਾਜ ਸਰਕਾਰ ਦੁਆਰਾ ਅਜਿਹੇ ਵਿਅਕਤੀਆਂ ਵਿੱਚੋਂ ਨਾਮਜ਼ਦ ਕੀਤੇ ਜਾਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਸਲਾਹਕਾਰ ਕਮੇਟੀ ਦੇ ਮੈਂਬਰ ਅਜਿਹੇ ਯਾਤਰਾ ਭੱਤੇ ਅਤੇ ਰੋਜ਼ਾਨਾ ਭੱਤੇ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

ਨਸਲ ਸਭਾ ਦੀ ਸਥਾਪਨਾ।

9. ਸ਼ੁਰੂ ਵਿੱਚ, ਅਥਾਰਟੀ ਪਸ਼ੂ ਰਜਿਸਟਰੀਕਰਨ ਦਾ ਕੰਮ ਖੁਦ ਜਾਂ ਧਾਰਾ 3 ਦੀ ਉਪ-ਧਾਰਾ (6) ਵਿੱਚ ਹਵਾਲਾ ਦਿੱਤੀਆਂ ਗਈਆਂ ਕਿਸੇ ਵੀ ਏਜੰਸੀਆਂ ਜਾਂ ਸੰਗਠਨਾਂ ਰਾਹੀਂ ਕਰੇਗੀ। ਹਾਲਾਂਕਿ, ਅਥਾਰਟੀ ਰਜਿਸਟਰੀਕਰਨ ਲਈ ਲਏ ਗਏ ਡੇਰੀ ਪਸ਼ੂਆਂ ਦੀ ਹਰੇਕ ਨਸਲ ਲਈ ਨਸਲ ਸਭਾਵਾਂ ਸਥਾਪਤ ਕਰਨ ਦਾ ਯਤਨ ਕਰੇਗੀ। ਡੇਰੀ ਪਸ਼ੂਆਂ ਦੀ ਹਰੇਕ ਪਛਾਣ ਕੀਤੀ ਨਸਲ ਲਈ ਇੱਕ ਵੱਖਰੀ ਨਸਲ ਸਭਾ ਸਥਾਪਤ ਕੀਤੀ ਜਾਵੇਗੀ ਅਤੇ ਅਥਾਰਟੀ ਨਾਲ਼ ਰਜਿਸਟਰਸ਼ੁਦਾ ਹੋਵੇਗੀ। ਨਸਲ ਸਭਾਵਾਂ ਅਜਿਹੇ ਜ਼ਾਬਤੇ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਗੀਆਂ, ਜੋ ਅਥਾਰਟੀ ਦੁਆਰਾ ਵਿਨਿਯਮਾਂ ਦੁਆਰਾ ਨਿਯਤ ਕੀਤੇ ਜਾਣ। ਇਸ ਤਰ੍ਹਾਂ ਰਜਿਸਟਰਸ਼ੁਦਾ ਕੀਤੀਆਂ ਗਈਆਂ ਨਸਲ ਸਭਾਵਾਂ, ਅਥਾਰਟੀ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਰਜਿਸਟਰੀਕਰਨ ਦਾ ਕੰਮ ਕਰਨਗੀਆਂ।

ਰਜਿਸਟਰੀਕਰਨ ਲਈ ਫ਼ੀਸ।

10. (1) ਇਸ ਐਕਟ ਅਧੀਨ ਰਜਿਸਟਰੀਕਰਨ ਕਰਵਾਉਣ ਲਈ, ਅਥਾਰਟੀ ਅਜਿਹੀ ਫੀਸ ਚਾਰਜ ਕਰੇਗੀ, ਜਿਵੇਂ ਮੁਕੱਰਰ ਕੀਤੀ ਜਾਵੇ।

(2) ਡੇਰੀ ਪਸ਼ੂਆਂ ਦਾ ਰਜਿਸਟਰੀਕਰਨ ਅਜਿਹੇ ਰੂਪ ਅਤੇ ਤਰੀਕੇ ਨਾਲ ਕੀਤਾ ਜਾਵੇਗਾ, ਜਿਵੇਂ ਵਿਨਿਯਮਾਂ ਦੁਆਰਾ ਉਲਿਖਤ ਕੀਤਾ ਜਾਵੇ।

ਰਜਿਸਟਰੀਕਰਨ ਸਰਟੀਫਿਕੇਟ ਜਾਰੀ ਕਰਨਾ।

11. (1) ਇਸ ਐਕਟ ਅਧੀਨ ਰਜਿਸਟਰੀਕਰਨ ਕੀਤੇ ਜਾਣ ਤੋਂ ਪਿੱਛੋਂ, ਅਥਾਰਟੀ ਡੇਰੀ ਪਸ਼ੂ ਦੇ ਮਾਲਕ ਨੂੰ ਇੱਕ ਰਜਿਸਟਰੀਕਰਨ ਸਰਟੀਫਿਕੇਟ ਜਾਰੀ ਕਰੇਗੀ।

(2) ਉਪ-ਧਾਰਾ (1) ਅਧੀਨ ਜਾਰੀ ਕੀਤਾ ਗਿਆ ਰਜਿਸਟਰੀਕਰਨ ਸਰਟੀਫਿਕੇਟ, ਡੇਰੀ ਪਸ਼ੂ ਦੀ ਨਸਲ ਅਤੇ ਹੋਰ ਵਿਸ਼ੇਸ਼ਤਾਵਾਂ ਦਾ ਨਿਰਣੇਈ ਸਬੂਤ ਹੋਵੇਗਾ।

ਡੇਰੀ ਮਾਲਕ ਦੀਆਂ ਜ਼ਿੰਮੇਵਾਰੀਆਂ।

12. (1) ਡੇਰੀ ਮਾਲਕ ਦੁਆਰਾ ਆਪਣਾ ਡੇਰੀ ਪਸ਼ੂ ਰਜਿਸਟਰਸ਼ੁਦਾ ਕਰਵਾਉਣਾ ਲਾਜ਼ਮੀ ਹੋਵੇਗਾ ਅਤੇ ਉਹ,–

(ੳ) ਅਥਾਰਟੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਧਾਰਾ 3 ਦੀ ਉਪ-ਧਾਰਾ (6) ਵਿੱਚ ਹਵਾਲਾ ਕੀਤੀ ਗਈ ਅਥਾਰਟੀ ਜਾਂ ਏਜੰਸੀ ਜਾਂ ਸੰਗਠਨ ਨੂੰ ਪੂਰਾ ਸਹਿਯੋਗ ਦੇਵੇਗਾ;

(ਅ) ਆਪਣੇ ਕਬਜ਼ੇ ਵਿੱਚ ਡੇਰੀ ਪਸ਼ੂਆਂ ਤੱਕ ਅਥਾਰਟੀ ਨੂੰ ਪਹੁੰਚ ਪ੍ਰਦਾਨ ਕਰੇਗਾ ਅਤੇ ਹਰੇਕ ਪਸ਼ੂ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰੇਗਾ;

(ੲ) ਜਿਵੇਂ ਅਤੇ ਜਦ ਉਹ ਕੋਈ ਨਵਾਂ ਪਸ਼ੂ ਲਿਆਉਂਦਾ ਹੈ ਜਾਂ ਕਿਸੇ ਪਸ਼ੂ ਦਾ ਨਿਪਟਾਰਾ ਕਰਦਾ ਹੈ ਤਾਂ ਅਥਾਰਟੀ ਨੂੰ ਰਿਪੋਰਟ ਕਰੇਗਾ ਅਤੇ ਅਜਿਹੇ ਪਸ਼ੂ ਦੇ ਪੂਰੇ ਵੇਰਵੇ ਦੇਵੇਗਾ; ਅਤੇ

(ਸ) ਇਸ ਐਕਟ, ਇਸਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੇ ਕਿਸੇ ਵੀ ਉਪਬੰਧਾਂ ਦੀ ਉਲੰਘਣਾ ਨਹੀਂ ਕਰੇਗਾ।

(2) ਮਾਲਕ ਦੁਆਰਾ ਉਪ-ਧਾਰਾ (1) ਦੇ ਕਿਸੇ ਵੀ ਉਪਬੰਧਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ, ਉਹ ਅਜਿਹੇ ਜੁਰਮਾਨੇ ਲਈ ਭਾਗੀ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਅਥਾਰਟੀ ਦਾ ਫ਼ੰਡ।

13. (1) ਅਥਾਰਟੀ ਆਪਣਾ ਖੁਦ ਦਾ ਫੰਡ ਸਥਾਪਤ ਅਤੇ ਕਾਇਮ ਰੱਖੇਗੀ ਜਿਸ ਵਿੱਚ ਹੇਠ-ਲਿਖੇ ਜਮ੍ਹਾਂ ਕੀਤੇ ਜਾਣਗੇ,–

(ੳ) ਅਥਾਰਟੀ ਦੁਆਰਾ ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਤੋਂ ਗ੍ਰਾਂਟਾਂ, ਕਰਜ਼ਿਆਂ, ਪੇਸ਼ਗੀਆਂ ਜਾਂ ਹੋਰ ਤਰ੍ਹਾਂ ਨਾਲ਼ ਪ੍ਰਾਪਤ ਕੀਤੇ ਗਏ ਸਾਰੇ ਧਨ;

(ਅ) ਇਸ ਐਕਟ ਅਧੀਨ ਅਥਾਰਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ;

(ੲ) ਅਥਾਰਟੀ ਦੁਆਰਾ ਆਪਣੀ ਭੋਂ, ਇਮਾਰਤਾਂ ਅਤੇ ਹੋਰ ਸੰਪੱਤੀਆਂ, ਚੁੱਕਵੀਂ ਜਾਂ ਅਚੁੱਕਵੀਂ, ਦੇ ਨਿਪਟਾਰੇ ਤੋਂ ਪ੍ਰਾਪਤ ਕੀਤੇ ਗਏ ਸਾਰੇ ਧਨ;

(ਸ) ਅਥਾਰਟੀ ਦੁਆਰਾ ਕਿਰਾਏ ਜਾਂ ਲਾਭ ਦੇ ਰੂਪ ਵਿੱਚ ਜਾਂ ਕਿਸੇ ਹੋਰ ਤਰੀਕੇ ਨਾਲ਼ ਜਾਂ ਕਿਸੇ ਹੋਰ ਸਾਧਨਾਂ ਤੋਂ ਪ੍ਰਾਪਤ ਕੀਤੇ ਗਏ ਸਾਰੇ ਧਨ; ਅਤੇ

(ਹ) ਅਥਾਰਟੀ ਦੁਆਰਾ ਆਪਣੇ ਕਿਸੇ ਵੀ ਪ੍ਰੋਗਰਾਮ ਤਕਮੀਲ ਕਰਨ ਦੇ ਸੰਬੰਧ ਵਿੱਚ ਪ੍ਰਾਪਤ ਕੀਤੇ ਗਏ ਸਾਰੇ ਧਨ।

(2) ਫੰਡ ਅਥਾਰਟੀ ਦੇ ਰਜਿਸਟਰਾਰ ਜਨਰਲ ਦੁਆਰਾ ਪ੍ਰਸ਼ਾਸਤ ਕੀਤਾ ਜਾਵੇਗਾ।

(3) ਫੰਡ ਨੂੰ ਅਥਾਰਟੀ ਦੇ ਉਦੇਸ਼ਾਂ ਦੀ ਪ੍ਰਾਪਤੀ ਕਰਨ ਅਤੇ ਇਸ ਨਾਲ਼ ਸਬੰਧਤ ਕੀਤੇ ਜਾਣ ਵਾਲੇ ਖਰਚੇ ਨੂੰ ਪੂਰਾ ਕਰਨ ਲਈ ਵਰਤਿਆ ਜਾਵੇਗਾ।

(4) ਅਥਾਰਟੀ ਫੰਡ ਨੂੰ ਕਿਸੇ ਅਨੁਸੂਚਿਤ ਬੈਂਕ ਵਿੱਚ ਰੱਖੇਗੀ।

(5) ਅਥਾਰਟੀ ਫੰਡ ਦੇ ਕਿਸੇ ਹਿੱਸੇ ਨੂੰ ਅਜਿਹੀਆਂ ਪ੍ਰਤੀਭੂਤੀਆਂ ਵਿੱਚ ਜਾਂ ਕਿਸੇ ਹੋਰ ਤਰੀਕੇ ਨਾਲ਼ ਨਿਵੇਸ਼ ਕਰ ਸਕਦੀ ਹੈ, ਜਿਵੇਂ ਇਹ ਸਮੇਂ-ਸਮੇਂ 'ਤੇ ਨਿਰਧਾਰਤ ਕਰੇ।

(6) ਉਪ-ਧਾਰਾ (5) ਵਿੱਚ ਜ਼ਿਕਰ ਕੀਤੇ ਗਏ ਨਿਵੇਸ਼ ਤੋਂ ਹੋਣ ਵਾਲੀ ਆਮਦਨ, ਫੰਡ ਵਿੱਚ ਜਮ੍ਹਾਂ ਕੀਤੀ ਜਾਵੇਗੀ।

ਰਿਪੋਟਾਂ ਜਮ੍ਹਾਂ ਕਰਵਾਉਣਾ।

14. (1) ਅਥਾਰਟੀ ਹਰੇਕ ਵਿੱਤੀ ਸਾਲ ਦੇ ਗੁਜ਼ਰਣ ਤੋਂ ਪਿੱਛੋਂ ਛੇ ਮਹੀਨੇ ਦੀ ਮੁੱਦਤ ਦੇ ਅੰਦਰ, ਰਾਜ ਸਰਕਾਰ ਨੂੰ ਪੂਰਵਲੇ ਵਿੱਤੀ ਸਾਲ ਦੇ ਸਹੀ ਅਤੇ ਮੁਕੰਮਲ ਲੇਖੇ ਦਿੰਦੇ ਹੋਏ ਇੱਕ ਰਿਪੋਟ ਪੇਸ਼ ਕਰੇਗੀ।

(2) ਅਥਾਰਟੀ ਹਰੇਕ ਵਿੱਤੀ ਸਾਲ ਦੇ ਮਾਰਚ ਦੇ 31ਵੇਂ ਦਿਨ ਆਪਣੀਆਂ ਵਹੀਆਂ ਅਤੇ ਲੇਖਿਆਂ ਨੂੰ ਸੰਤੁਲਿਤ ਰੂਪ ਵਿੱਚ ਬੰਦ ਕਰਵਾਏਗੀ।

ਲੇਖਿਆਂ ਦਾ ਆਡਿਟ।

15. ਅਥਾਰਟੀ ਦੇ ਲੇਖਿਆਂ ਦਾ ਆਡਿਟ, ਕੰਪਨੀ ਐਕਟ, 1956 (1956 ਦਾ ਕੇਂਦਰੀ ਐਕਟ 1) ਦੇ ਅਧੀਨ ਕੰਪਨੀਆਂ ਦੇ ਆਡੀਟਰ ਵਜੋਂ ਨਿਯੁਕਤ ਹੋਣ ਲਈ ਠੀਕ ਤੌਰ ਤੇ ਕਾਬਲ ਇੱਕ ਆਡੀਟਰ ਦੁਆਰਾ ਕੀਤਾ ਜਾਵੇਗਾ, ਅਤੇ ਆਡੀਟਰ ਦੀ ਨਿਯੁਕਤੀ ਅਤੇ ਉਸਨੂੰ ਅਦਾਇਗੀਯੋਗ ਮਿਹਨਤਾਨਾ, ਅਥਾਰਟੀ ਦੁਆਰਾ ਸਾਲ-ਦਰ-ਸਾਲ ਦੇ ਆਧਾਰ 'ਤੇ ਨਿਸ਼ਚਤ ਕੀਤਾ ਜਾਵੇਗਾ। ਇਸ ਤਰ੍ਹਾਂ ਨਿਯੁਕਤ ਕੀਤੇ ਗਏ ਆਡੀਟਰ ਨੂੰ ਹਰ ਵਾਜਬ ਸਮੇਂ 'ਤੇ ਅਥਾਰਟੀ ਦੀਆਂ ਵਹੀਆਂ, ਲੇਖਿਆਂ ਅਤੇ ਹੋਰ ਦਸਤਾਵੇਜ਼ਾਂ ਤੱਕ ਪਹੁੰਚ ਹੋਵੇਗੀ।

ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ।

16. ਰਾਜ ਸਰਕਾਰ, ਸਮੇਂ-ਸਮੇਂ 'ਤੇ, ਅਥਾਰਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜੋ ਇਸਦੀ ਰਾਏ ਵਿੱਚ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਅਤੇ ਹਾਲਾਤ ਅਨੁਸਾਰ ਉਚਿਤ ਹਨ। ਇਸ ਤਰ੍ਹਾਂ ਜਾਰੀ ਕੀਤੇ ਗਏ ਨਿਰਦੇਸ਼, ਅਥਾਰਟੀ 'ਤੇ ਬੰਧਨਕਾਰੀ ਹੋਣਗੇ।

ਨਿਯਮ ਬਣਾਉਣ ਦੀ ਸ਼ਕਤੀ ।

17. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਤੌਰ 'ਤੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:–

(ੳ) ਉਹਨਾਂ ਵਿਅਕਤੀਆਂ ਨੂੰ ਮੁਕੱਰਰ ਕਰਨਾ ਜਿਨ੍ਹਾਂ ਵਿੱਚੋਂ ਧਾਰਾ 8 ਦੀ ਉਪ-ਧਾਰਾ (1) ਅਧੀਨ ਸਲਾਹਕਾਰ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਜਾਣਗੇ;

(ਅ) ਧਾਰਾ 8 ਦੀ ਉਪ-ਧਾਰਾ (2) ਅਧੀਨ ਯਾਤਰਾ ਭੱਤਾ ਅਤੇ ਰੋਜ਼ਾਨਾ ਭੱਤਾ ਮੁਕੱਰਰ ਕਰਨਾ;

(ੲ) ਧਾਰਾ 10 ਦੀ ਉਪ-ਧਾਰਾ (1) ਅਧੀਨ ਰਜਿਸਟਰੀਕਰਨ ਕਰਨ ਲਈ, ਲਈ ਜਾਣ ਵਾਲੀ ਫੀਸ ਦੀ ਰਕਮ ਮੁਕੱਰਰ ਕਰਨਾ; ਅਤੇ

(ਸ) ਖ਼ਿਲਾਫ਼ਵਰਜ਼ੀ ਲਈ ਜੁਰਮਾਨੇ ਦੀ ਰਕਮ ਮੁਕੱਰਰ ਕਰਨਾ, ਜੋ ਧਾਰਾ 12 ਦੀ ਉਪ-ਧਾਰਾ (2) ਅਧੀਨ ਨਿਰੂਪਤ ਹੈ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ

ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

18. (1) ਅਥਾਰਟੀ, ਸਮੇਂ-ਸਮੇਂ 'ਤੇ, ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ ਵਾਲੇ ਵਿਨਿਯਮ ਬਣਾ ਸਕੇਗੀ।

(2) ਖ਼ਾਸ ਤੌਰ 'ਤੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:–

(ੳ) ਧਾਰਾ 3 ਦੀ ਉਪ-ਧਾਰਾ (6) ਵਿੱਚ ਹਵਾਲਾ ਕੀਤੀਆਂ ਗਈਆਂ ਹੋਰ ਏਜੰਸੀਆਂ ਜਾਂ ਸੰਗਠਨਾਂ ਤੋਂ ਕੰਮ ਕਰਵਾਉਣ ਲਈ ਨਿਬੰਧਨ ਅਤੇ ਸ਼ਰਤਾਂ ਉਲਿਖਤ ਕਰਨਾ;

(ਅ) ਧਾਰਾ 5 ਅਧੀਨ ਅਥਾਰਟੀ ਦੀਆਂ ਇਕੱਤਰਤਾਵਾਂ ਦੇ ਕਾਰੋਬਾਰ ਨੂੰ ਚਲਾਉਣ ਲਈ ਜ਼ਾਬਤਾ ਨਿਯਤ ਕਰਨਾ;

(ਏ) ਧਾਰਾ 9 ਦੇ ਅਧੀਨ ਨਸਲ ਸਭਾਵਾਂ ਦੁਆਰਾ ਰਜਿਸਟਰੀਕਰਨ ਲਈ ਪਾਲਣਾ ਕੀਤੇ ਜਾਣ ਵਾਲਾ ਜ਼ਾਬਤਾ ਅਤੇ ਦਿਸ਼ਾ-ਨਿਰਦੇਸ਼ ਨਿਯਤ ਕਰਨਾ; ਅਤੇ

(ਸ) ਧਾਰਾ 10 ਦੀ ਉਪ-ਧਾਰਾ (2) ਦੇ ਅਧੀਨ ਡੇਰੀ ਪਸ਼ੂਆਂ ਦੇ ਰਜਿਸਟਰੀਕਰਨ ਕਰਨ ਲਈ ਰੂਪ ਅਤੇ ਢੰਗ ਉਲਿਖਤ ਕਰਨਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

19. (1) ਜੇਕਰ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ ਵਾਲੇ ਅਜਿਹੇ ਉਪਬੰਧ ਕਰ ਸਕੇਗੀ, ਜੋ ਕਠਨਾਈ ਨੂੰ ਦੂਰ ਕਰਨ ਲਈ ਇਸ ਨੂੰ ਜਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜਰਣ ਤੋਂ ਪਿੱਛੋਂ ਇਸ ਧਾਰਾ ਅਧੀਨ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰੇਕ ਹੁਕਮ, ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਵਿਧਾਨ ਸਭਾ ਦੇ ਅੱਗੇ ਰੱਖਿਆ ਜਾਵੇਗਾ।

ਨੇਕ ਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫ਼ਾਜ਼ਤ।

20. ਇਸ ਐਕਟ, ਇਸਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਜਾਂ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਅਨੁਸਾਰਤਾ ਵਿੱਚ ਨੇਕ ਨੀਤੀ ਨਾਲ ਕੀਤੀ ਗਈ ਜਾਂ ਚਿਤਵਤ ਕਿਸੇ ਕਾਰਵਾਈ ਲਈ ਰਾਜ ਸਰਕਾਰ ਜਾਂ ਅਥਾਰਟੀ ਜਾਂ ਰਾਜ ਸਰਕਾਰ ਜਾਂ ਅਥਾਰਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਜਾਂ ਅਥਾਰਟੀ ਜਾਂ ਰਾਜ ਸਰਕਾਰ ਦੁਆਰਾ ਨਾਮਜ਼ਦ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਡੈਲੀਗੇਸ਼ਨ ।

21. ਅਥਾਰਟੀ ਕੰਮ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਕਾਜਕਾਰ ਆਪਣੇ ਕਿਸੇ ਵੀ ਅਧਿਕਾਰੀ ਨੂੰ ਸੌਂਪ ਸਕੇਗੀ।

ਪਰਮ ਪ੍ਰਭਾਵ।

22. ਇਸ ਐਕਟ ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਇਸ ਐਕਟ, ਇਸ ਅਧੀਨ ਬਣਾਏ ਗਏ ਨਿਯਮਾਂ ਅਤੇ ਵਿਨਿਯਮਾਂ ਦੇ ਉਪਬੰਧ, ਤੱਤ ਸਮੇਂ ਲਈ ਨਾਫ਼ਜ਼ ਪੰਜਾਬ ਰਾਜ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਿਸੇ ਹੋਰ ਕਾਨੂੰਨ, ਇਸ ਅਧੀਨ ਬਣਾਏ ਗਏ ਨਿਯਮਾਂ ਅਤੇ ਵਿਨਿਯਮਾਂ ਵਿੱਚ ਦਰਜ ਅਸੰਗਤ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

ਨਿਰਸਨ ਅਤੇ ਬਚਾਉ।

23. (1) ਪੰਜਾਬ ਪਸ਼ੂ ਰਜਿਸਟਰੀਕਰਨ ਆਰਡੀਨੈਂਸ, 2006 (2006 ਦਾ ਪੰਜਾਬ ਆਰਡੀਨੈਂਸ ਨੰ. 1), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਕੀਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

ਬੀ.ਬੀ.ਐੱਸ ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

ਡਿਸਕਲੇਮਰ:– ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

3786/7-2026/Pb. Govt. Press, S.A.S. Nagar